

# ਕੁਸ਼ੀਲ ਨਾਮਕ ਸੱਤਵਾਂ ਅਧਿਐਨ

ਇਸ ਅਧਿਐਨ ਤੋਂ ਪਹਿਲਾਂ ਵੀਰ ਸਤੁਤੀ ਵਿਚ ਸੁਸ਼ੀਲ ਵਿਅਕੱਤੀ ਦੀ ਪਰਿਭਾਸ਼ਾ ਦੱਸੀ ਗਈ ਸੀ। ਇਸ ਅਧਿਐਨ ਵਿਚ ਕੁਸ਼ੀਲ ਵਿਅਕਤੀ ਦਾ ਵਰਨਣ ਕੀਤਾ ਗਿਆ ਹੈ। ਟੀਕਾਕਾਰ ਸੀਲਾਂਕਾਚਾਰਿਆ ਆਖਦੇ ਹਨ "ਪਰ ਤੀਰਥੀ (ਦੂਸਰੇ ਦਾਰਸ਼ਨਿਕ) ਵੀ ਕੁਸ਼ੀਲ ਹਨ। ਪਾਰਸ਼ਵਸਥ (ਭਰਿਸ਼ਟ ਸਾਧੂ) ਆਦਿ ਵੀ ਕੁਸ਼ੀਲ ਹਨ। ਸ਼ੀਲ ਰਹਿਤ ਗ੍ਰਿਹਸਥ ਵੀ ਕੁਸ਼ੀਲ ਹੈ।"

ਜੋ ਮਨੁੱਖ ਪਾਪਕਾਰੀ ਯੋਗਾਂ ਤੋਂ ਰਹਿਤ ਹੈ ਉਹ ਸ਼ੀਲਵਾਨ ਹੈ ਇਸ ਤੋਂ ਉਲਟੇ ਅਸ਼ੀਲਵਾਨ ਹੈ। ਇਥੇ ਯੋਗ ਦਾ ਅਰਥ ਹੈ ਮਨ, ਬਚਨ ਤੇ ਸਰੀਰ ਦੇ ਮੇਲ ਨਾਲ ਪੈਦਾ ਪਾਪਕਾਰੀ ਕਰਮ।

ਕੁਸ਼ੀਲ ਲੋਕ ਗਊ ਵਰਤੀਕ ਹਨ ਉਹ ਸਿਖਿਅਕ ਬਲਦ ਨੂੰ ਲੈ ਕੇ ਭੋਜਨ ਮੰਗਦੇ ਹਨ। ਚੰਡੀ ਦੀ ਉਪਾਸ਼ਨਾ ਕਰਨ ਵਾਲੇ, ਹਥ ਵਿਚ ਚੱਕਰ ਧਾਰਣ ਕਰਦੇ ਹਨ। ਵਾਰੀ ਭੱਦਰਕ ਬਨ ਕੇ ਪਾਣੀ ਪੀਂਦੇ ਹਨ ਜਾਂ ਪਾਣੀ ਦੀ ਹਰਿਆਲੀ ਖਾਕੇ ਗੁਜ਼ਾਰਾ ਕਰਦੇ ਹਨ। ਹਰ ਸਮੇਂ ਇਸ ਨਾਲ, ਪੈਰ ਧੋਣ ਵਿਚ ਲੱਗੇ ਰਹਿੰਦੇ ਹਨ। ਨਾ ਵਰਤੋਂ ਯੋਗ ਜੀਵਾਂ ਵਾਲਾ ਅਪ੍ਰਾਸੁਕ ਭੋਜਨ ਕਰਨ ਕਾਰਣ ਇਹ ਸਭ ਕੁਸ਼ੀਲ ਹਨ। ਕੁਸ਼ੀਲ ਲੋਕ ਜੀਵ, ਅਜੀਵ ਦੇ ਗਿਆਨ ਨਾ ਹੋਣ ਕਾਰਣ, ਸੰਸਾਰ ਦੇ ਜਨਮ ਮਰਨ ਦੇ ਚਕਰ ਵਿਚ ਘੁਮਦੇ ਰਹਿੰਦੇ ਹਨ। ਇਹ ਜੀਵ ਚਾਰ ਕਸ਼ਾਏ, ਰਾਗ, ਦਵੇਸ਼ ਰਾਹੀਂ ਕਰਮ ਬੰਧ ਕਰਦੇ ਹੋਏ, ਆਪ ਤੇ ਹੋਰਾਂ ਲਈ ਕਸ਼ਟ ਦਾ ਕਾਰਣ ਬਨਦੇ ਹਨ। ਸੋ ਵੀਰ ਸਤੁਤੀ ਅਨੁਸਾਰ ਸ਼ੀਲ ਦਾ ਸਵਰੂਪ ਸਮਝਕੇ ਕੁਸ਼ੀਲ ਛੱਡ ਦੇਣਾ ਚਾਹੀਦਾ ਹੈ।

# ਕੁਸ਼ੀਲ ਪਰਿਭਾਸ਼ਾ ਨਾਮਕ ਸੱਤਵਾਂ ਅਧਿਐਨ

ਪ੍ਰਿਥਵੀ, ਪਾਣੀ, ਅੱਗ, ਹਵਾ, ਘਾਹ-ਦਰਖਤ ਆਦਿ ਬਨਾਸਪਤੀ, ਤਰਸ (ਹਿਲਣ ਜੁਲਣ ਵਾਲੇ) ਅੰਡਜ (ਪੰਛੀ) ਜੇਰਜ (ਗਾਂ ਮਨੁੱਖ) ਸਵੇਦਜ (ਪਸੀਨੇ ਤੇ ਦਹੀ) ਤੋਂ ਜੀਵ ਪੈਦਾ ਹੁੰਦੇ ਹਨ। ਇਨ੍ਹਾਂ ਥਾਵਾਂ ਨੂੰ ਤੀਰਥੰਕਰਾਂ ਸ਼ਟ (ਛੇ) ਜੀਵ ਨਿਕਾਅ (ਸ਼ਰੀਰ) ਕਿਹਾ ਹੈ। (1)

ਇਹ ਸਭ ਪ੍ਰਾਣੀ ਸੁੱਖ ਦੇ ਇਛੁੱਕ ਅਤੇ ਦੁੱਖ ਦੇ ਦੋਖੀ ਹਨ। ਇਨ੍ਹਾਂ ਜੀਵਾਂ ਵਾਰੇ ਇਹ ਜਾਨਣਾਂ ਜਰੂਰੀ ਹੈ ਕਿ ਇਨ੍ਹਾਂ ਦੀ ਹਿੰਸਾ ਕਰਨਾ, ਦਰਅਸਲ ਵਿੱਚ ਅਪਣੀ ਆਤਮਾ ਨੂੰ ਡੰਡ ਦੇਨਾ ਹੈ। ਇਨ੍ਹਾਂ ਪ੍ਰਾਣੀਆਂ ਦਾ ਨੁਕਸਾਨ ਕਰਨ ਵਾਲਾ ਜੀਵ, ਅਪਣੇ ਆਪ ਨੂੰ ਦੰਡ ਵਿਚ ਪਾਉਣ ਵਾਲਾ ਹੈ। ਵਾਰ ਵਾਰ ਯੋਨੀਆਂ ਵਿਚ ਭਟਕਦਾ ਹੈ। (2)

ਇਨ੍ਹਾਂ ਯੋਨੀਆਂ ਦੀ ਹਿੰਸਾ ਕਰਨ ਵਾਲਾ ਅਤੇ ਵਾਰ ਵਾਰ ਇਕ ਇੰਦਰੀਆਂ (ਸਥਾਵਰ ਪ੍ਰਿਥਵੀ ਆਦਿ ਇਕ ਇੰਦਰੀ ਵਾਲੇ) ਯੋਨੀ ਦੇ ਜੀਵਾਂ ਜਨਮਦਾ ਤੇ ਮਰਦਾ, ਵਾਰ ਵਾਰ ਤਰਸ ਤੇ ਸਥਾਵਰ ਨਾਮ (ਜਨਮ) ਪ੍ਰਾਪਤ ਕਰਦਾ ਹੈ। ਵਾਰ-ਵਾਰ ਜਨਮ ਲੈ ਕੇ ਬਹੁਤ ਮਾੜੇ ਕਰਮ ਕਰਦਾ ਹੋਇਆ, ਪਾਪ ਕਰਮ ਦੇ ਫਲ ਸਦਕਾ ਮੌਤ ਨੂੰ ਪ੍ਰਾਪਤ ਹੁੰਦਾ ਹੈ। (3)

ਜੀਵ ਜੋ ਕਰਮ ਬੰਧ ਕਰਦਾ ਹੈ ਉਸ ਦਾ ਫਲ ਉਸਨੂੰ ਉਸੇ ਜਨਮ ਜਾਂ ਫੇਰ ਅਗਲੇ ਜਨਮ ਵਾਅਦ ਨਿਸ਼ਚਿਤ ਮਿਲਦਾ ਹੈ। ਕੋਈ ਕਰਮ ਇਕ ਹੀ ਜਨਮ ਵਿਚ ਫਲ ਭੁਗਤਾ ਦਿੰਦਾ ਹੈ ਤਾਂ ਕੋਈ ਕਰਮ ਦਾ ਫਲ ਸੈਂਕੜੇ ਜਨਮ ਵਿਚ। ਕੋਈ ਕਰਮ ਜਿਸ ਰੂਪ ਵਿਚ ਕੀਤਾ ਜਾਂਦਾ ਹੈ ਤਾਂ ਉਸੇ ਰੂਪ ਵਿਚ ਫਲ ਦਿੰਦਾ ਹੈ ਤਾਂ ਦੂਸਰਾ ਕੋਈ, ਹੋਰ ਦੂਸਰੇ ਰੂਪ ਵਿਚ। ਇਸ਼ ਪ੍ਰਕਾਰ ਸੰਸਾਰ ਵਿਚ ਘੁਮਣ ਵਾਲੇ ਕੁਸ਼ੀਲ ਜੀਵ ਤੇਜ ਤੋਂ ਤੇਜ ਦੁਖ ਭੋਗਦੇ ਹਨ, ਨਵਾਂ ਕਰਮ ਬੰਧ (ਸੰਗ੍ਰਿਹ) ਕਰਦੇ ਹਨ ਪੁਰਾਨੇ ਭੋਗਦੇ ਹਨ। (4)

ਜੋ ਲੋਕ ਮਾਤਾ, ਪਿਤਾ ਜਾਂ ਸਮੁਚਾ ਪਰਿਵਾਰ ਛਡ ਕੇ ਸਾਧੂ ਬਨ ਕੇ ਵੀ ਅੱਗ ਦੇ ਜੀਵਾਂ ਦੀ ਹਿੰਸਾ ਕਰਦੇ ਹਨ। ਅਪਣੇ ਸੁਖ ਲਈ ਹੋਰ ਜੀਵਾਂ ਦਾ ਘਾਤ ਕਰਦੇ ਹਨ। ਉਹ ਕੁਸ਼ੀਲ (ਬੁਰੇ) ਚਾਰਿਤਰ ਵਾਲੇ ਹਨ। (5)

ਅੱਗ ਜਲਾਉਣ ਵਾਲਾ ਪੁਰਸ਼ ਜੀਵਾਂ ਦਾ ਘਾਤ ਕਰਦਾ ਹੈ ਤੇ ਬੁਝਾਉਣ ਵਾਲਾ ਵੀ ਅੱਗ ਦੇ ਜੀਵਾਂ ਦਾ ਘਾਤ ਕਰਦਾ ਹੈ ਇਸ ਲਈ ਸਮਝਦਾਰ ਭਿਖਸ਼ੂ ਅਗਨੀ ਕਾਇਆ ਦੇ ਜੀਵਾਂ ਦੀ ਹਿੰਸਾ ਤੋਂ ਬਚੇ। (6)

ਅੱਗ ਦੇ ਜੀਵਾਂ ਦੀ ਹਿੰਸਾ ਕਾਰਣ ਜਮੀਨ ਦੇ ਜੀਵ, ਪਾਣੀ ਦੇ ਜੀਵ, ਪਤੰਗੇ ਆਦਿ ਉਡਣ ਕਾਰਣ ਤੇ ਲਕੜੀ ਵਿਚ ਬੈਠੇ ਜੀਵ ਜੰਤੂ ਵਿਨਾਸ਼ ਨੂੰ ਪ੍ਰਾਪਤ ਕਰਦੇ ਹਨ। (7)

ਹਰੀ ਘਾਹ ਤੇ ਅੰਕੁਰ ਆਦਿ ਵੀ ਜੀਵ ਹਨ। ਇਹ ਜੀਵ ਮੂਲ, ਸਕੰਧ, ਸ਼ਾਖਾ, ਪੱਤੇ, ਫੂਲ ਅਤੇ ਫੱਲ ਆਦਿ ਦੇ ਰੂਪ ਵਿਚ ਅਲਗ ਰਹਿੰਦੇ ਹਨ। ਜੋ ਮੁਨੀ ਅਪਣੇ ਸੁਖਾਂ ਲਈ ਇਨ੍ਹਾਂ ਜੀਵਾਂ ਦਾ ਘਾਤ ਕਰਦਾ ਹੈ, ਉਹ ਬਹੁਤ ਸਾਰੇ ਜੀਵਾਂ ਦੀ ਹਿੰਸਾ ਕਰਦਾ ਹੈ। (8)

ਜੋ ਅਸੰਜਮੀ ਪੁਰਸ਼ (ਮੁਨੀ) ਅਪਣੇ ਸੁੱਖਾਂ ਦੇ ਲਈ ਬੀਜਾਂ ਦੇ ਜੀਵਾਂ ਦੀ ਹਿੰਸਾ ਕਰਦਾ ਹੈ। ਅਜੇਹਾ ਕਰਨ ਵਾਲਾ ਇਸ ਪਾਪ ਰਾਹੀਂ ਅਪਣੀ ਆਤਮਾ ਨੂੰ ਦੰਡ ਦਿੰਦਾ ਹੈ। ਉਸ ਨੂੰ ਤੀਰਥੰਕਰਾਂ ਨੇ ਅਨਾਰਿਆ ਧਰਮੀ ਕਿਹਾ ਹੈ। (9)

ਹਰੀ ਬਨਾਸਪਤੀ ਦੇ ਜੀਵ ਨੂੰ ਛੇਕਨ ਨਾਲ ਕਈ ਤਾਂ ਗਰਭ ਵਿਚ ਹੀ ਮਰ ਜਾਂਦੇ ਹਨ। ਕੋਈ ਬੋਲਨ ਯੋਗ ਹੋਣ ਤੇ ਮਰਦੇ ਹਨ ਅਤੇ ਕੋਈ ਬੋਲਨ ਤੋਂ ਪਹਿਲਾਂ ਵੀ ਮਰ ਜਾਂਦੇ ਹਨ। ਕਦੇ ਕਦੇ ਬਚਪਨ, ਪੰਜ ਸਿਖਾ ਵਾਲੀ ਜਵਾਨੀ, ਜਾਂ ਵਿਚਕਾਰ ਜਾਂ ਬੁਢਾਪੇ ਵਿਚ ਮਰ ਜਾਂਦੇ ਹਨ। ਇਸ ਪ੍ਰਕਾਰ ਬਨਾਸਪਤੀ ਜੀਵਾਂ ਦੀ ਹਿੰਸਾ ਕਰਨ ਵਾਲਾ ਪ੍ਰਾਣੀ ਮੌਤ ਦੀ ਸ਼ਰਣ ਨੂੰ ਪ੍ਰਾਪਤ ਹੁੰਦਾ ਹੈ। (10)

"ਹੇ ਜੀਵੋ ! ਤੁਸੀਂ ਸਮਝੋ ਕਿ ਇਸ ਸੰਸਾਰ ਵਿਚ ਮਨੁੱਖ ਜਨਮ ਬਹੁਤ ਹੀ ਕਠਿਨ ਹੈ। ਪਸ਼ੂ ਗਤੀ ਤੇ ਨਰਕ ਗਤੀ ਦੇ ਦੁੱਖਾਂ ਨੂੰ ਵੇਖ ਕੇ ਵੀ ਅਗਿਆਨੀ ਜੀਵ ਕੁੱਝ ਨਹੀਂ ਸੋਚਦੇ। ਇਹ ਲੋਕ, ਬੁਖਾਰ ਦੇ ਸਤਾਏ ਜੀਵ ਦੀ ਤਰ੍ਹਾਂ ਏਕਾਂਤ (ਇਕ ਤਰ੍ਹਾਂ ਪ੍ਰਕਾਰ ਨਾਲ) ਦੁਖ ਪਾਂਦੇ ਹਨ ਅਤੇ ਸੁਖ ਪਾਣ ਲਈ ਪਾਪ ਕਰਮ ਕਰਦੇ ਹੋਏ ਦੁਖੀ ਹੁੰਦੇ ਹਨ। (11)

ਇਸ ਸੰਸਾਰ ਵਿਚ ਕੋਈ ਮੂਰਖ ਆਖਦੇ ਹਨ "ਨਮਕ ਛਡਨ ਨਾਲ ਮੁੱਕਤੀ ਪ੍ਰਾਪਤ ਹੋ ਜਾਂਦੀ ਹੈ। ਕੋਈ ਠੰਡੇ ਪਾਣੀ ਦੇ ਸੇਵਨ ਨਾਲ ਮੁਕਤੀ ਦਸਦੇ ਹਨ। ਕੋਈ ਹੋਮ ਰਾਹੀਂ ਮੁਕਤੀ ਦਸਦੇ ਹਨ।" (12)

---

ਟੀਕਾ ਗਾਥਾ 12—ਟੀਕਾਕਾਰ ਅਭੈਦੇਵ ਸੂਰੀ ਆਖਦੇ ਹਨ—ਕਈ ਲਹਿਸੂਣ ਪਿਆਜ, ਉਟਨੀ ਦਾ ਦੁੱਧ, ਗਊ ਮਾਸ ਅਤੇ ਸ਼ਰਾਬ ਛੱਡਣ ਵਿਚ ਮੁਕਤੀ ਮਨਦੇ ਹਨ। ਵਾਰਿਭਦਰਕ ਆਦਿ ਭਗਵੰਤ ਨਾ ਪੀਣ ਯੋਗ (ਸਚਿੱਤ) ਪਾਣੀ ਰਾਹੀਂ ਮੁਕਤੀ ਦਸਦੇ ਹਨ, ਇਹ ਲੋਕ ਆਖਦੇ ਹਨ ਜਿਵੇਂ ਪਾਣੀ ਕਪੜੇ ਸਾਫ ਕਰ ਦਿੰਦਾ ਹੈ ਉਸੇ ਤਰ੍ਹਾਂ ਜਲ ਇਸ਼ਨਾਨ ਨਾਲ ਅੰਦਰਲੀ ਮੈਲ ਵੀ ਧੁਲ ਜਾਂਦੀ ਹੈ। ਕਈ ਤਾਪਸ ਬ੍ਰਾਹਮਣ ਅੱਗ, ਘੀ, ਤੇ ਸਮਿਧਾ ਦੀ ਮਦੱਦ ਨਾਲ ਅਗਨੀ ਹੋਤਰ ਹੋਮ ਕਰਨ ਵਿਚ ਮੁਕਤੀਮਨਦੇ ਹਨ। ਇਹ ਲੋਕ ਦਲੀਲ ਦਿੰਦੇ ਹਨ ਜਿਵੇਂ ਅੱਗ ਸੋਨੇ ਨੂੰ ਗਲਾ ਦਿੰਦੀ ਹੈ ਘੀ ਨਾਲ ਹਵਨ ਕਰਨ ਤੇ ਸਵਰਗ ਦੀ ਪ੍ਰਾਪਤੀ ਹੁੰਦੀ ਹੈ।

ਸਵੇਰੇ ਉਠ ਕੇ ਕੋਈ ਮੁਕਤੀ ਨਹੀਂ ਮਿਲਦੀ, ਸਗੋਂ ਪਾਣੀ ਤੇ ਅਧਾਰਿਤ ਜੀਵਾਂ ਦੀ ਹਿੰਸਾ ਹੁੰਦੀ ਹੈ। ਇਸ ਪ੍ਰਕਾਰ ਨਮਕ ਛਡਨ ਨਾਲ ਮੁਕਤੀ ਦਾ ਕੋਈ ਸੰਬੰਧ ਨਹੀਂ। ਕਈ ਲੋਕ ਸ਼ਰਾਬ, ਮਾਸ, ਲਹਿਸੁਣ ਦਾ ਭੋਗ ਕਰਦੇ ਹੋਏ ਸੰਸਾਰ ਵਿਚ ਹੀ ਭਟਕਦੇ ਹਨ (ਮੁਕਤੀ ਨਾਲ ਬਾਹਰਲੇ ਵਿਖਾਵੇ ਦਾ ਕੋਈ ਸੰਬੰਧ ਨਹੀਂ)। (13)

ਜੋ ਲੋਕ ਸਵੇਰੇ, ਅਤੇ ਸ਼ਾਮੀ ਜਲ ਸਪਰਸ਼ ਨਾਲ ਮੋਕਸ਼ ਦਸਦੇ ਹਨ ਸੋ ਗਲਤ ਹੈ। ਜੋ ਪਾਣੀ ਨਾਲ ਮੁਕਤੀ ਹੋਵੇ ਤਾਂ ਜੋ ਪਾਣੀ ਦੇ ਸਪਰਸ਼ (ਛੂਹਣ) ਨਾਲ ਉਹ ਸਾਰੇ ਮੁਕਤ ਹੋ ਜ਼ਾਣੇ ਚਾਹੀਦੇ ਹਨ। (14)

ਪਾਣੀ ਨਾਲ ਮੁਕਤੀ ਹੋਵੇ, ਤਾਂ ਮੱਛੀ, ਕਛੂ ਸਰਿਸਰਪ (ਪਾਣੀ ਦੇ ਸੱਪ) (ਪਾਣੀ ਦਾ ਮੁਰਗਾ) ਉਠ ਨਾਂ ਦੇ ਜੀਵ ਤੇ ਜਲ ਰਾਖਸ ਸਭ ਮੋਕਸ਼ ਨੂੰ ਚਲੇ ਜਾਣੇ ਚਾਹੀਦੇ ਹਨ। ਪਰ ਇਹ ਨਾ ਤਾਂ ਵੇਖਿਆ ਸੁਣਿਆ ਹੈ ਤੇ ਨਾ ਸੁਨਣ ਯੋਗ ਹੈ। ਜੋ ਪਾਣੀ ਨਾਲ ਮੁਕਤੀ ਆਖਦੇ ਹਨ ਉਹ ਅਯੋਗ ਬਚਨ ਬੋਲਦੇ ਹਨ। (15)

"ਜੇ ਪਾਣੀ ਕਰਮਾਂ ਦੀ ਮੈਲ ਪਾਪ ਖਤਮ ਕਰ ਦੇਵੇ ਤਾਂ ਉਹ ਪੁੰਨ ਵੀ ਖਤਮ ਕਰ ਸਕਦਾ ਹੈ।" ਇਸ ਲਈ ਪਾਣੀ ਦੇ ਛੋਹਣ ਨਾਲ ਮੁਕਤੀ ਦਾ ਵਿਚਾਰ ਕਲਪਨਾ ਤੋਂ ਛੁਟ ਕੁਝ ਨਹੀਂ। ਜਿਵੇਂ ਜਨਮ ਤੋਂ ਅੰਨੇ ਦੇ ਪਿਛੇ ਚਲਨ ਵਾਲਾ ਗਲਤ ਰਸਤੇ ਤੋਂ ਭਟਕਦਾ ਹੈ ਅਤੇ ਮੰਜਿਲ ਤੇ ਨਹੀਂ ਪਹੁੰਚਦਾ। ਉਸੇ ਪ੍ਰਕਾਰ ਅਗਿਆਨੀ ਦਾ ਸਾਥੀ ਪਾਣੀ ਦੇ ਜੀਵਾਂ ਦਾ ਘਾਤ ਧਰਮ ਸਮਝ ਕੇ ਕਰਦਾ ਹੈ। (16)

"ਪਾਣੀ ਦਾ ਸਪਰਸ਼ ਹੀ ਜੇ ਪਾਪ ਦੂਰ ਕਰ ਦਿੰਦਾ, ਤਾਂ ਮੱਛੀ ਮਾਰ ਤਾਂ ਪਹਿਲਾਂ ਮੁਕਤੀ ਨੂੰ ਜਾਨੇ ਚਾਹੀਦੇ ਹਨ।" ਪਰ ਅਜੇਹਾ ਨਹੀਂ ਹੁੰਦਾ। ਇਸ ਲਈ ਮਾਤਰ ਜਲ ਇਸ਼ਨਾਨ ਨੂੰ ਮੁਕਤੀ ਦਾ ਕਾਰਣ ਆਖਣ ਵਾਲੇ ਮਿਥਿਆਤੱਵੀ (ਝੂਠੇ) ਹਨ। (17)

ਸਵੇਰੇ ਤੇ ਸ਼ਾਮ ਅੱਗ ਰਾਹੀਂ ਹੋਮ ਕਰਕੇ ਮੁਕਤੀ ਦੀ ਗੱਲ ਆਖਣ ਵਾਲੇ ਝੂਠੇ (ਮਿਥਿਆਤੱਵੀ) ਹਨ। ਜੋ ਅੱਗ ਨਾਲ ਸਿੱਧੀ (ਮੋਕਸ਼) ਹੋ ਜਾਵੇ, ਤਾਂ ਅੱਗ ਨੂੰ ਛੂਹਣ ਵਾਲੇ, ਬੁਰੇ ਕਰਮ ਕਰਨ ਵਾਲੇ) ਵੀ ਸਿਧ ਹੋ ਜਾਣੇ ਚਾਹੀਦੇ ਹਨ। (18)

ਜਿਨ੍ਹਾਂ ਪਾਣੀ ਅਤੇ ਅੱਗ ਦੇ ਰਾਂਹੀਂ ਮੁਕਤੀ ਮੰਨੀ ਹੈ, ਉਨ੍ਹਾਂ ਮੁਕਤੀ ਵਾਰੇ ਕੋਈ ਠੋਸ ਮਾਨਤਾ ਸਥਾਪਿਤ ਨਹੀਂ ਕੀਤੀ। ਇਸ ਪ੍ਰਕਾਰ ਦੇ ਅਗਿਆਨੀ ਜੀਵ ਜਨਮ ਮਰਨ ਦੇ ਚਕਰ ਵਿਚ ਭਟਕਨਗੇ ਅਤੇ ਤੱਰਸ ਤੇ ਸਥਾਵਰ ਪ੍ਰਾਣੀ ਦੁੱਖ ਚਾਹੁੰਦੇ ਹਨ।" (ਅਜੇਹਾ ਜਾਨਕੇ ਤੇ ਸਮਿਅਕੱਤਵ ਪ੍ਰਾਪਤ ਕਰਕੇ ਕਿਸੇ ਜੀਵ ਦੀ ਹਿੰਸਾ ਨਾ ਕਰੋ, ਨਾ ਕਸ਼ਟ ਪਹੁੰਚਾਵੇ ) (19)

ਅਸ਼ੁਭ ਕਰਮਾਂ ਦੇ ਇੱਕਠ ਸਦਕਾ, ਜੀਵ ਕਰਮ ਅਨੁਸਾਰ ਦੁਖੀ ਹੁੰਦੇ ਹਨ। ਉਹ ਤਲਵਾਰ ਨਾਲ ਛਿਲੇ ਜਾਨ ਦੇ ਕਾਰਣ ਡਰਦੇ ਹਨ। ਇਸ ਲਈ ਪਾਪਾਂ ਤੋਂ ਮੁਕਤ ਸਾਧੂ

ਮਨ-ਬਚਨ ਤੇ ਸ਼ਰੀਰ ਗੁਪਤੀ ਰਾਹੀਂ ਤਰਸ ਤੇ ਸਥਾਵਰ ਜੀਵਾਂ ਦੀ ਹਿੰਸਾ ਨਾ ਕਰੇ। (20)

ਜੋ ਚਾਰਿਤਰ ਹੀਣ ਸਾਧੂ ਸ਼ਾਸਤਰ ਤੋਂ ਵਿਧੀ ਤੋਂ ਉਲਟ ਭੋਜਨ ਕਰਦਾ ਹੈ। ਠੰਡੇ ਪਾਣੀ ਨਾਲ ਇਸ਼ਨਾਨ ਕਰਦਾ ਹੈ। ਜੋ ਸ਼ਿੰਗਾਰ ਸ਼ੋਭਾ ਲਈ ਬਸਤਰ ਤੇ ਪੈਰ ਪਾਣੀ ਨਾਲ ਸਾਫ ਕਰਦਾ ਹੈ। ਉਹ ਸੰਜਮ ਤੋਂ ਦੂਰ ਹੈ। ਅਜੇਹਾ ਨਾ ਕਰਨ ਵਾਲਾ ਹੀ ਸੁਧ ਸੰਜਮੀ ਹੈ। (ਭਾਵ ਸ਼ਿੰਗਾਰ ਦੀ ਭਾਵਨਾ ਨਾਲ ਅਜੇਹੇ ਕਰਮ ਮਨਾ ਹਨ ) ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (21)

ਧੀਰ ਬੁਧੀਮਾਨ ਮਨੁਖ ਜਲ ਇਸ਼ਨਾਨ ਨੂੰ ਕਰਮ ਬੰਧਨ ਸਮਝਦਾ ਹੈ। ਇਹ ਸਮਝ ਕੇ ਪੁਰਸ਼ ਜਦੋਂ ਤਕ ਮੁਕਤੀ ਨਾ ਹੋਵੇ, ਕੱਚੇ (ਜੀਵ ਸਹਿਤ) ਪਾਣੀ ਦਾ ਤਿਆਗ ਕਰਕੇ, ਸੁਧ ਜੀਵ ਰਹਿਤ (ਸਚਿਤ) ਪਾਣੀ ਇਸਤੇਮਾਲ ਕਰੇ। ਬੀਜ ਤੇ ਕੰਦ ਦਾ ਪ੍ਰਯੋਗ ਨਾ ਕਰੇ। ਇਸ਼ਨਾਨ ਤੇ ਇਸਤਰੀ ਭੋਗਾਂ ਤੋਂ ਦੂਰ ਰਹੇ (22)

"ਜੋ ਚਾਰਿਤਰ ਹੀਣ ਮਾਂ, ਪਿਉ, ਘਰ, ਪੁਤ, ਪਸ਼ੂ ਤੇ ਧਨ ਛਡ ਕੇ ਸਵਾਦ ਵਾਲੇ ਘਰਾਂ ਦਾ ਭੋਜਨ ਲੈਣ ਲਈ ਭਜਦਾ ਹੈ ਉਹ ਸਾਧੂ ਪੁਣੇ ਤੋਂ ਬਹੁਤ ਦੂਰ ਹੈ, ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। (23)

ਜੋ ਪੇਟੂ ਉਤਮ ਸਵਾਦੀ ਭੋਜਨ ਦੇਣ ਵਾਲੇ ਘਰਾਂ ਵਿਚ ਧਰਮ ਕਥਾ ਸੁਨਾਉਣ ਨੂੰ ਭਜਦਾ ਹੈ। ਜੋ ਭੋਜਨ ਬਦਲੇ ਆਤਮ ਪ੍ਰਸ਼ੰਸਾ ਦਾ ਇਛੁਕ ਹੈ ਉਹ ਅਚਾਰਿਆ ਦੀ ਸੇਵਾ ਦਾ ਹਜਾਰਵਾਂ ਭਾਗ ਨਹੀਂ। ਜੋ ਭੋਜਨ ਦੇ ਲੋਭ ਲਈ ਅਪਣੇ ਗੁਣਾਂ ਦਾ ਵਰਨਣ ਕਰਦਾ ਹੈ। ਉਹ ਵੀ ਆਰਿਆ ਪੁਰਸ਼ ਦੇ ਸੌਵਾਂ ਹਿਸਾ ਨਹੀਂ। (24)

ਜੋ ਮਨੁੱਖ ਘਰ ਵਾਰ ਛੱਡ ਕੇ ਭੋਜਨ ਲਈ ਭੱਜੇ ਫਿਰਦੇ ਹਨ, ਪ੍ਰਸੰਸਾ ਭੱਟਾ ਦੀ ਤਰ੍ਹਾਂ ਕਰਾਉਂਦੇ ਹਨ ਉਹ ਉਸ ਸੂਅਰ ਦੀ ਤਰ੍ਹਾਂ ਹਨ ਜੋ ਪੇਟ ਪਾਲਣ ਲਈ ਚੌਲਾਂ ਦੇ ਕਨਾਂ ਨੂੰ ਪ੍ਰਤਿ ਮੋਹ ਜਾਲ ਵਿਚ ਫਸ ਜਾਂਦਾ ਹੈ ਅਤੇ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। (25)

ਜੋ ਅੱਗ ਪਾਣੀ ਜਾਂ ਕਪੜਿਆਂ ਲਈ, ਮਾਲਿਕ ਦੇ ਆਖੇ ਅਨੁਸਾਰ ਬੋਲਦੇ ਹਨ। ਉਹ ਸਾਧੂ ਪਾਰਸਵਸਥ (ਵਿਗੜੇ ਸਾਧੂ) ਅਤੇ ਕੁਸ਼ੀਲ (ਚਾਰਿਤਰਹੀਣ) ਹਨ। ਜਿਵੇਂ ਅਨਾਜ ਤੋਂ ਬਿਨਾ ਤੂੜੀ ਬੇਕਾਰ ਹੈ ਉਸੇ ਪ੍ਰਕਾਰ ਸੰਜਮ ਹੀ ਜੀਵ ਆਤਮਾ ਦਾ ਸਾਰ ਹੈ।

ਸੰਜਮੀ ਸਾਧੂ ਅਨਜਾਨ ਤੇ ਕੁਲਾ ਭੋਜਨ ਲਿਆ ਕੇ ਜੀਵਨ ਯਾਤਰਾ ਸ਼ੁਰੂ ਕਰੇ। ਭੋਜਨ ਲਈ ਮਿਨਤ ਖੁਸ਼ਾਮਦ ਨਾ ਕਰੇ। ਪੂਜਾ ਦੀ ਇਛਾ ਕਰਦਾ ਨਾ ਫਿਰੇ। ਸ਼ਬਦ ਤੇ ਰੂਪ ਆਦਿ ਵਿਸ਼ਿਆਂ ਪ੍ਰਤਿ ਪਕੜ ਖਤਮ ਕਰੇ। ਸਾਰੇ ਕਾਮ ਭੋਗਾਂ ਨੂੰ ਤਿਆਗ ਦੇਵੇ। (27)

ਚੰਗਾ ਸਾਧੂ ਸਾਰੇ ਰਿਸ਼ਤੇਦਾਰਾਂ ਦਾ ਤਿਆਗ ਕਰਕੇ, ਸਾਰੇ ਦੁੱਖ ਸਹਿੰਦਾ ਹੋਇਆ ਗਿਆਨ ਆਦਿ ਗੁਣਾਂ ਤੇ ਭਟਪੂਰ ਹੁੰਦਾ ਹੈ। ਉਹ ਕਿਸੇ ਪਦਾਰਥ ਨਾਲ ਨਹੀਂ ਚਿਮੜਦਾ ਉਹ ਆਜਾਦ ਘੁਮਦਾ ਹੈ। ਉਹ ਸਭ ਨੂੰ ਭੈ ਮੁਕਤ ਕਰਦਾ ਹੈ ਤੇ ਖੁਦ ਵੀ ਭੈ ਮੁਕਤ ਹੁੰਦਾ ਹੈ। ਵਿਸ਼ੇ ਵਿਕਾਰਾਂ ਤੋਂ ਰਹਿਤ ਹੁੰਦਾ ਹੈ। (28)

ਸਾਧੂ ਸੰਜਮ ਦੀ ਰਖਿਆ ਲਈ ਯੋਗ ਭੋਜਨ ਗ੍ਰਹਿਣ ਕਰੇ, ਸ਼ਰੀਰ ਦੇ ਪਾਲਨ ਹਿੱਤ ਨਹੀਂ ਪਿਛਲੇ ਪਾਪ ਕਰਮਾਂ ਦੀ ਧੂੜ ਨੂੰ ਦੂਰ ਕਰਨ ਦੀ ਇੱਛਾ ਕਰੇ। ਕਸ਼ਟਾਂ, ਪਰਿਸ਼ੇ ਨੂੰ ਆਉਣ ਤੇ ਸੰਜਮ ਵਿਚ ਰਹਿਕੇ ਮੋਕਸ਼ ਦਾ ਵਿਚਾਰ ਕਰੇ। ਜਿਵੇਂ ਲੜਾਈ ਵਿਚ ਪਹੁੰਚਿਆ ਯੋਧਾ ਸ਼ਤਰੂ ਦਾ ਨਾਸ਼ ਕਰਦਾ ਹੈ। ਇਸੇ ਪ੍ਰਕਾਰ ਸਾਧੂ ਕਰਮ ਵਿਕਾਰਾਂ ਦਾ ਕਰਮ ਨੂੰ ਨਸ਼ਟ ਕਰੇ। (29)

ਜਿਵੇਂ ਲਕੜੀ ਦੀ ਫਟੀ ਦੇ ਦੋਵੇਂ ਪਾਸੇ ਛਿਲੇ ਜਾਣ ਤੇ ਵੀ ਕਿਸੇ ਨਾਲ ਰਾਗ ਦਵੇਸ਼ ਨਹੀਂ ਕਰਦੀ। ਉਸੇ ਪ੍ਰਕਾਰ ਪਰਿਸ਼ੇ ਤੇ ਉਪਸਰਗਾਂ ਨੂੰ ਸਹਿਨ ਕਰਦਾ ਹੋਇਆ ਸਾਧੂ ਪੰਡਿਤ ਮਰਨ ਦੀ ਇੱਛਾ ਕਰੇ। ਜਿਵੇਂ ਧੁਰੀ ਟੁਟਨ ਤੇ ਗਡੀ ਅੱਗੇ ਨਹੀਂ ਚਲਦੀ, ਉਸੇ ਪ੍ਰਕਾਰ ਕਰਮ ਰੂਪੀ ਧੁਰੀ ਟੁਟਨ ਸਾਧੂ ਮੁਕਤੀ ਪ੍ਰਾਪਤ ਕਰਦਾ ਹੈ ਅਜੇਹਾ ਮੈਂ ਆਖਦਾ ਹਾਂ। (30)





# ਵੀਰਜ ਨਾਮਕ ਅਠਵਾਂ ਅਧਿਐਨ

ਵੀਰਜ ਤੋਂ ਇਸ ਅਧਿਐਨ ਵਿਚ ਅਰਥ ਆਤਮਿਕ ਬਲ ਲਿਆ ਗਿਆ ਹੈ। ਟੀਕਾ-ਕਾਰ ਨੇ ਕਿਹਾ ਹੈ। "ਇਹ ਅਧਿਐਨ ਦਾ ਉਦੇਸ਼ ਮੁਕਤੀ ਦਸਨਾ ਹੈ। 1. ਬਾਲ (ਅਵਿਵੇਕੀ) 2. ਪੰਡਿਤ (ਸੰਪੂਰਨ ਸੰਜਮੀ) ਇਨ੍ਹਾਂ ਦੋ ਪ੍ਰਕਾਰ ਦੇ ਅਰਥਾਂ ਵਿਚ ਮਨੁੱਖ ਨੂੰ ਪਡਿਤ ਵੀਰਜ ਧਾਰਨ ਕਰਨਾ ਚਾਹੀਦਾ ਹੈ।

ਵੀਰਜ ਅਧਿਐਨ ਦੇ 6 ਨਿਕਸ਼ੇਪ ਹਨ। ਨਾਮ, ਸਥਾਪਨਾ, ਦਰਵ, ਖੇਤਰ, ਕਾਲ, ਅਤੇ ਭਾਵ। ਨਾਮ ਤੇ ਸਥਾਪਨਾ ਸਰਲ ਹੈ।

ਦਰਵ ਵੀਰਜ, ਆਗਮ, ਤੇ ਨੋ ਆਗਮ ਦੋ ਪ੍ਰਕਾਰ ਦਾ ਕਿਹਾ ਹੈ। ਜੋ ਪੁਰਸ਼, ਵੀਰਜ ਨੂੰ ਜਾਣਦਾ ਹੈ ਪਰ ਪ੍ਰਯੋਗ ਵਿਚ ਨਹੀਂ ਲੈ ਆਉਂਦਾ ਉਹ ਆਗਮ ਵੀਰਜ ਹੈ। ਨੋ ਆਗਮ ਵੀਰਜ ਸਚਿਤ, ਅਚਿਤ ਤੇ ਮਿਸ਼ਰ ਤਿੰਨ ਪ੍ਰਕਾਰ ਦਾ ਹੈ। ਸਚਿਤ ਦੇ ਦਵਿਪਦ, ਚਤੁਸਪਦ ਅਤੇ ਅਪਦ ਭੇਦ ਹਨ। ਦਵਿ ਪਦ ਵਿਚ (ਦੋ ਪੈਰਾਂ ਵਾਲੇ) ਵਿਚ ਅਰਿਹੰਤ, ਚਕਰਵਰਤੀ ਤੇ ਬਲਦੇਵ ਦਾ ਵੀਰਜ ਹੈ ਚਕਰਵਰਤੀ ਦੇ ਇਸਤਰੀ ਰਤਨ ਦਾ ਵੀਰਜ ਵੀ ਦਰਵ ਵੀਰਜ ਹੈ। ਚਾਰ ਪੈਰਾਂ ਵਾਲੇ ਵਿਚ ਘੋੜੇ, ਹਾਥੀ ਸ਼ੇਰ ਆਦਿ ਦੀ ਸ਼ਕਤੀ ਹੀ ਦਰਵ ਵੀਰਜ ਹੈ।

ਗੋਸੀਰਸ਼ (ਬਾਲ ਚੰਦਨ) ਦੇ ਲੇਪ ਨਾਲ ਜੋ ਠੰਡ ਮਿਲਦੀ ਹੈ ਅਤੇ ਗਰਮੀ ਦੂਰ ਹੁੰਦੀ ਹੈ ਉਹ ਵੀਰਜ ਅਪਦਰਵ ਵੀਰਜ ਹੈ।

## ਅਚਿੱਤ ਵੀਰਜ

ਭਜਨ, ਲੜਾਈ ਵਿਚ ਰਖਿਆ ਕਰਨ ਵਾਲੇ ਹਥਿਆਰ ਦਾ ਵੀਰਜ (ਸ਼ਕਤੀ) ਅਚਿਤ ਵੀਰਜ ਹੈ।

ਅਚਿੱਤ ਵੀਰਜ ਇਸ ਤਰ੍ਹਾਂ ਹੈ ਮਿਠਾਈ ਖਾਨ ਨਾਲ ਇੰਦਰੀਆਂ ਵਿਚ ਤੇਜੀ ਆਉਂਦੀ

ਹੈ ਮਨ ਖੁਸ਼ ਹੁੰਦਾ ਹੈ। ਕਫ਼ ਰੋਗ ਦੂਰ ਹੁੰਦਾ ਹੈ ਉਹ ਅਚਿਤ ਵੀਰਜ ਹੈ। ਇਸ ਤਰ੍ਹਾਂ ਹਥਿਆਰਾਂ ਦਾ ਬਲ ਵੀ ਅਚਿੱਤ ਵੀਰਜ ਹੈ। ਦਵਾਈਆਂ ਦੇ ਜਹਿਰ ਦੂਰ ਕਰਨ ਦੀ ਸ਼ਕਤੀ ਰਸ ਵੀਰਜ ਹੈ।

## ਖੇਤਰ ਤੇ ਕਾਲ ਵੀਰਜ

ਜਿਸ ਖੇਤਰ ਦੀ ਜੋ ਸ਼ਕਤੀ ਹੈ ਉਹ ਖੇਤਰ ਵੀਰਜ ਹੈ। ਇਸੇ ਤਰ੍ਹਾਂ ਸੁਖਮਾ ਨਾਮ ਆਰੇ ਦੀ ਜੋ ਸ਼ਕਤੀ ਹੈ ਉਹ ਕਾਲ ਵੀਰਜ ਹੈ।

"ਵਰਖਾ ਕਾਲ ਵਿਚ ਨਮਕ, ਸਰਦੀ ਵਿਚ ਪਾਣੀ, ਹੇਮੰਤ ਵਿਚ ਗਾਂ ਦਾ ਦੁੱਧ, ਸਿਸਿਰ ਵਿਚ ਆਂਵਲਾ ਰਸ, ਬਸੰਤ ਵਿਚ ਘੀ। ਗਰਮੀ ਵਿਚ ਗੜ ਅਮ੍ਰਿਤ ਦੀ ਤਰ੍ਹਾਂ ਹੈ। ਹਰੜ ਗਰਮੀਂ ਵਿਚ ਗੁੜ ਨਾਲ, ਵਰਖਾ ਰੁਤ ਵਿਚ ਸੇਂਧਾ ਨਮਕ, ਸਰਦੀ ਵਿਚ ਸ਼ਕਰ ਦੇ ਨਾਲ, ਹੇਮੰਤ ਵਿਚ ਸੁੰਡ ਦੇ ਨਾਲ, ਸ਼ਿਸਰ ਵਿਚ ਪਿਪਲ ਦੇ ਨਾਲ, ਬਸੰਤ ਵਿਚ ਸ਼ਹਿਦ ਦੇ ਨਾਲ ਖਾਨ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਹਨ।"

## ਭਾਵ ਵੀਰਜ

ਵੀਰਜ ਸ਼ਕਤੀ ਵਾਲੇ ਜੀਵ ਦੀ ਵੀਰਜ ਸੰਬੰਧੀ ਬਹੁਤ ਲਵੱਧੀਆਂ (ਵਿਸ਼ੇਸ਼ ਸ਼ਕਤੀਆਂ) ਹਨ। ਛਾਤੀ ਦਾ ਵੀਰਜ ਸ਼ਰੀਰ ਬਲ ਹੈ ਇੰਦਰੀਆਂ ਦਾ ਬਲ, ਅਧਿਅਤਿਮਕ ਬਲ ਹੈ। ਇਹ ਕਈ ਤਰ੍ਹਾਂ ਦਾ ਹੈ। ਮਨ, ਅੰਦਰ ਵਿਉਪਾਰ (ਕ੍ਰਿਆ) ਰਾਹੀਂ ਮਨ ਦੇਯੋਗ ਪੁਦਗਲਾਂ ਨੂੰ ਇਕਠੱਾ ਕਰਕੇ ਮਨ ਦੇ ਰੂਪ ਵਿਚ ਬਦਲਦਾ ਹੈ। ਭਾਸ਼ਾ ਦੇ ਯੋਗ ਪੁਦਗਲਾਂ ਨੂੰ ਭਾਸ਼ਾ ਰੂਪ ਤੇ ਸ਼ਰੀਰ ਦੇ ਯੋਗ ਪੁਦਗਲਾਂ ਨੂੰ ਸ਼ਰੀਰ ਰੂਪ, ਸਾਹ ਅਤੇ ਉਛਵਾਸ਼ ਯੋਗ ਪੁਦਗਲਾਂ ਨੂੰ ਸਾਹ ਤੇ ਉਛਵਾਸਾਂ ਵਿਚ ਬਦਲਦਾ ਹੈ। ਮਨ, ਬਚਨ ਤੇ ਸ਼ਰੀਰ ਰਾਹੀਂ ਪ੍ਰਾਪਤ ਵੀਰਜ ਦੇ ਦੋ ਭੇਦ ਹਨ। 1) ਸੰਭਵ 2) ਸੰਭਾਵਯ।

1) ਸੰਭਵ—ਤੀਰਥੰਕਰ ਅਤੇ ਅਨੁਤਰ ਸ੍ਰਨੀ ਦੇ ਦੇਵਤਿਆਂ ਦਾ ਮਨ ਬਹੁਤ ਨਿਰਮਲ ਸ਼ਕਤੀਸ਼ਾਲੀ ਹੁੰਦਾ ਹੈ। ਅਨੁਤਰ ਵਿਮਾਨਾਂ ਦੇ ਦੇਵ ਅਵਧਿ ਗਿਆਨ ਵਾਲੇ ਹੁੰਦੇ ਹਨ। ਉਹ ਜੋ ਮਨ ਰਾਹੀਂ ਪ੍ਰਸ਼ਨ ਕਰਦੇ ਹਨ ਉਸ ਦਾ ਹਲ ਤੀਰਥੰਕਰ ਦਰਵ ਮਨ ਨਾਲ ਹੀ ਕਰ ਦਿੰਦੇ ਹਨ। ਕਿਉਂਕਿ ਅਨੁਤਰ ਵਿਮਾਨ ਦੇ ਦੇਵਤੇ ਮਨ ਰਾਹੀਂ ਕੰਮ ਕਰਦੇ ਹਨ।
2) ਸੰਭਾਵਯ—ਜੋ ਜੀਵ ਬੁਧੀਮਾਨ ਰਾਹੀਂ ਅਖੀ ਗੱਲ ਨੂੰ ਉਸ ਸਮੇਂ ਨਹੀਂ ਸਮਝ ਸਕਦਾ। ਪਰ ਭਵਿੱਖ ਵਿਚ ਅਭਿਆਸ ਨਾਲ ਸਮਝ ਲਵੇਗਾ ਉਸ ਨੂੰ ਸੰਭਾਵਯ ਵੀਰਜ ਆਖਦੇ ਹਨ।

ਟੀਕਾਕਾਰ ਸ਼ੀਲਾਂਕਾਚਾਰਿਆ ਨੇ ਅਧਿਆਤਮ ਪੱਖੋਂ ਵੀਰਜ ਦਾ ਵਰਗੀਕਰਣ ਕੀਤਾ ਹੈ। ਜੋ ਸ਼ਾਸਤਰ ਦੇ ਅਭਿਆਸੀ ਲਈ ਜਾਨਣਾ ਜਰੂਰੀ ਹੈ।

(1) ਉਦਮ ਵੀਰਜ—ਗਿਆਨ ਸਿੱਖਿਆ ਤੇ ਤਪਸਿਆ ਲਈ ਅੰਦਰ ਦਾ ਉਤਸ਼ਾਹ ਅਧਿਆਤਮ ਬਲ ਹੈ।

(2) ਧਰਿਤ ਵੀਰਜ—ਸੰਜਮ ਵਿਚ ਸਥਿਰਤਾ ਹੀ ਧਰਿਤ ਵੀਰਜ ਹੈ।

(3) ਧੀਰਤਵ ਵੀਰਜ—ਜੀਵਾਂ ਦਾ ਪਰਿਸ਼ੈ ਤੇ ਕਸ਼ਟਾਂ ਵਿਚ ਨਾ ਡੋਲਨਾ ਹੀ ਧੀਰਤਵ ਵੀਰਜ ਹੈ

(4) ਸੋਂਡਿਅਰਿਆ ਵੀਰਜ—ਤਿਆਗ ਦੀ ਉਚ ਕੋਟੀ ਦੀ ਭਾਵਨਾਂ ਨੂੰ ਸੋਂਡਿਅਰਿਆ ਵੀਰਜ ਆਖਦੇ ਹਨ।

(5) ਖਿਮਾ ਵੀਰਜ—ਦੂਸਰਾ ਗਾਲਾਂ ਦੇਵੇ, ਉਸ ਨੂੰ ਸਮਤਾ ਨਾਲ ਸਹਿ ਲੈਣਾ ਹੀ ਖਿਮਾ ਵੀਰਜ ਹੈ।

(6) ਗੰਭੀਰਿਆ ਵੀਰਜ—ਪਰਿਸ਼ੈ ਤੇ ਉਪਸਰਗਾਂ ਵਿਚ ਨਾ ਝੁਕਨਾ ਹੀ ਗੰਭੀ-ਰਿਆ ਵੀਰਜ ਹੈ। ਜਾਂ ਦੂਸਰੇ ਦੇ ਮਨ ਵਿਚ ਚਮਤਕਾਰ ਪੈਦਾ ਕਰਕੇ ਵੀ ਹੰਕਾਰ ਨਾ ਕਰਨਾ ਇਸ ਵਿਚ ਸ਼ਾਮਿਲ ਹੈ।

(7) ਉਪਯੋਗ—ਸਾਕਾਰ ਤੇ ਅਨਾਕਾਰ ਇਸ ਦੇ ਦੋ ਭੇਦ ਹਨ। ਸਾਕਾਰ 8 ਪ੍ਰਕਾਰ ਦੇ ਤੇ ਅਨਾਕਾਰ ਚਾਰ ਪ੍ਰਕਾਰ ਦਾ ਹੈ ਇਸ ਤੇ ਬਧੀ ਨਾਲ ਦਰਵ ਕਾਲ ਖੇਤਰ, ਭਾਵ ਪੱਖ ਨਿਸ਼ਚੈ ਕਰਦਾ ਹੀ ਉਪਯੋਗ ਵੀਰਜ ਹੈ।

(8) ਯੋਗ ਵੀਰਜ—ਮਨ ਬਚਨ ਤੇ ਸ਼ਰੀਰ ਪੱਖੋਂ ਇਸ ਵੀਰਜ ਦੇ ਤਿਨੰ ਭੇਦ ਹਨ। ਮਨ ਨੂੰ ਏਕਾਗਰ ਕਰਨਾ ਤੇ ਬੁਰੇ ਕੰਮ ਤੋਂ ਰੋਕਨਾ ਮਨ ਵੀਰਜ ਹੈ। ਸਾਧੂ ਮਨ ਵੀਰਜ ਨਾਲ ਮਨ ਨੂੰ ਕਾਬੂ ਰਖਦੇ ਹਨ। ਪਾਪਕਾਰ ਭਾਸ਼ਾ ਤੋਂ ਬਚਨਾ ਬਚਨ ਵੀਰਜ ਹੈ। ਹਥ ਪੈਰ ਨੂੰ ਕਛੂ ਦੀ ਤਰ੍ਹਾਂ ਸਿਕੋੜ ਕੇ ਰਖਨਾ ਹੀ ਸਾਧੂ ਪੁਰਸ਼ਾਂ ਦਾ ਕਾਯਾ ਵੀਰਜ ਹੈ।

ਤੱਪ ਵੀਰਜ 12 ਪ੍ਰਕਾਰ ਦਾ ਹੈ। ਜਿਸ ਦੇ ਪ੍ਰਭਾਵ ਨਾਲ ਸਾਧੂ ਤੱਪ ਕਰਦੇ ਹੋਏ ਦੁੱਖੀ ਨਹੀਂ ਹੁੰਦੇ। ਸੰਜਮ ਵਿਚ ਸਹਾਇਕ ਵੀਰਜ ਸੰਜਮ ਵੀਰਜ ਹੈ।

ਵੀਰਜ ਪ੍ਰਵਾਦ ਨਾਸਕ ਪੂਰਵ ਵਿਚ ਅਨੇਕਾਂ ਅਰਥਾਂ ਵਾਲੇ ਵੀਰਜ ਦਾ ਜਿਕਰ ਹੈ। ਸੋ ਵੀਰਜ ਪੂਰਵ ਦੇ ਅਨੇਕਾਂ ਅਰਥਾਂ ਦੀ ਤਰ੍ਹਾਂ ਵੀਰਜ ਵੀ ਅਨੇਕ ਹਨ।

ਪ੍ਰਮੁਖ ਰੂਪ ਵਿਚ ਵੀਰਜ ਤਿੰਨ ਪ੍ਰਕਾਰ ਦਾ ਹੈ।

(1) ਪੰਡਿਤ ਵੀਰਜ ਮਹਾਂ ਪੁਰਸ਼ਾਂ ਦਾ ਹੈ। (2) ਗ੍ਰਹਿਸਥ ਦਾ ਬਾਲ ਤੇ ਪਡਿਤ ਵੀਰਜ ਹੈ। (3) ਮਿਸ਼ਰ ਵੀਰਜ।

ਅਸੀਂ ਜੈਨ ਆਗਮਾਂ ਦੀ ਦਰਿਸ਼ਟੀ ਤੋਂ ਵੀਰਜ ਦਾ ਅਰਥ ਖਾਲੀ ਗ੍ਰੰਥਿਆਂ ਦਾ ਰਸ ਨਹੀਂ ਜੋ ਇਸਤਰੀ ਪੁਰਸ਼ ਦੇ ਭੋਗ ਦਾ ਕਾਰਣ ਬਣਕੇ ਸੰਤਾਨ ਪੈਦਾ ਕਰਦਾ ਹੈ। ਸਗੋਂ ਵੀਰਜ ਦਾ ਅਰਥ ਸ਼ਰੀਰਕ, ਮਾਨਸਿਕ, ਤੇ ਅਧਿਆਤਮ ਸ਼ਕਤੀ ਹੈ।

ਇਸ ਵੀਰਜ ਅਧਿਕਾਰ ਅਧਿਐਨ ਵਿਚ ਪ੍ਰਮਾਦ ਰਹਿਤ ਵੀਰਜ ਦਾ ਵਰਣਨ ਹੈ।

# ਅੱਠਵਾਂ ਵੀਰਜ ਅਧਿਕਾਰ ਅਧਿਐਨ

ਵੀਰਜ ਜਿਨੇਂਦਰ ਭਗਵਾਨ ਨੇ ਦੋ ਪ੍ਰਕਾਰ ਦਾ ਆਖਿਆ ਹੈ ਵੀਰ ਪੁਰਸ਼ ਦੀ ਵੀਰਤਾ ਕੀ ਹੈ ? ਅਤੇ ਕਿਸ ਕਾਰਣ ਉਹ ਵੀਰ ਅਖਵਾਉਂਦਾ ਹੈ ।(1)

(ਸ੍ਰੀ ਸੁਧਰਮਾ ਸਵਾਮੀ ਸ਼ਿਸ਼ ਜੰਬੂ ਨੂੰ ਆਖਦੇ ਹਨ)—" ਹੇ ਸੁਵਰਤ (ਵਰਤਾ ਦੇ ਧਾਰਕ) ਕੋਈ ਆਖਦਾ ਹੈ ਕਿ ਕੀਤਾ ਕਰਮ (ਕ੍ਰਿਆ) ਹੀ ਵੀਰਜ ਹੈ ਅਤੇ ਕੋਈ ਕੋਈ ਆਖਦਾ ਹੈ ਅਕਰਮ ਵੀਰਜ ਹੈ । ਸੰਸਾਰ ਵਿਚ ਇਹ **ਦੋ ਭੇਦ** ਮਿਰਤ ਲੋਕ ਵਿਚ ਵੇਖੇ ਜਾਂਦੇ ਹਨ । (2)

ਤੀਰਥੰਕਰ ਭਗਵਾਨ ਨੇ ਪ੍ਰਮਾਦ (ਅਣਗਹਿਲੀ) ਨੂੰ ਕਰਮ ਕਿਹਾ ਹੈ ਅਤੇ ਅਪ੍ਰਮਾਦ (ਸਾਵਧਾਨੀ) ਨੂੰ ਅਕਰਮ । ਇਸ ਪ੍ਰਮਾਦ ਦੇ ਕਾਰਣ ਬਾਲ ਵੀਰਜ ਅਤੇ ਅਪ੍ਰਮਾਦ ਦੇ ਕਾਰਣ ਪੰਡਿਤ ਵੀਰਜ ਦੇ ਦੋ ਭੇਦ ਹਨ । (3)

---

ਟਿਪਣੀ ਗਾਥਾ 1—ਇਸ ਗਾਥਾ ਵਿਚ ਵੀਰਜ ਦਾ ਸਵਰੂਪ, ਪ੍ਰਕਾਰ, ਵੀਰ ਅਤੇ ਵੀਰਜ ਵਾਰੇ ਦਸਿਆ ਗਿਆ ਹੈ । ਜੋ ਵਿਸ਼ੇਸ਼ ਰੂਪ ਵਿਚ ਅਹਿੱਤ (ਬਲ) ਦੂਰ ਕਰਦਾ ਹੈ ਉਹ ਵੀਰਜ ਹੈ । ਇਹ ਇਕ ਵਿਸ਼ੇਸ਼ ਸ਼ਕਤੀ ਹੈ ਜਿਸ ਦੇ ਸਹਾਰੇ, ਹਰ ਪ੍ਰਾਣੀ ਚਿੰਤਨ ਮਨਨ ਤੋਂ ਲੈਕੇ ਬੋਲਨਾ, ਚਲਨਾ, ਦੇਖਣਾ, ਸੰਘਣਾ, ਛੂਅਨਾ, ਨੀਂਦ ਲੈਣਾ, ਜਾਗਣਾ ਆਦਿ ਸਾਰੀਆ ਮਨ, ਬਚਨ ਤੇ ਸ਼ਰੀਰ ਕ੍ਰਿਆਵਾਂ ਕਰਦਾ ਹੈ । ਜੇ ਜਿੰਦਗੀ ਵਿਚੋਂ ਵੀਰਜ ਸ਼ਕਤੀ ਚਲੀ ਜਾਵੇ ਤੇ ਜਿੰਦਗੀ ਦਾ ਨਾਸ਼ ਹੋ ਜਾਂਦਾ ਹੈ ।

ਸ਼ਰੀਰ ਵਿਚੋਂ ਜੋ ਸਫੇਦ, ਪਾਰਦਰਸ਼ੀ, ਤਰਲ, ਗਾੜਾ, ਚਿਕਨਾ ਪਦਾਰਥ ਰਹਿੰਦਾ ਹੈ । ਉਸ ਨੂੰ ਸ਼ੁਕਰ ਆਖਦੇ ਹਨ ਉਹ ਵੀ ਵੀਰਜ ਹੈ । ਪਰ ਇਸ ਸ਼ਰੀਰਕ ਵੀਰਜ ਦਾ ਕੋਈ ਖਾਸ ਮਹੱਤਵ ਨਹੀਂ, ਜਿਨਾ ਆਤਮਿਕ ਵੀਰਜ ਦਾ ਹੈ । ਇਸੇ ਲਈ ਅਧਿਆਤਮ ਵੀਰਜ ਨੂੰ ਤੀਰਥੰਕਰਾਂ ਨੇ ਸਮਿਅਕ (ਠੀਕ ਢੰਗ ਵਾਲਾ) ਕਿਹਾ ਹੈ ।

ਟਿਪਣੀ ਗਾਥਾ 3—ਪ੍ਰਮਾਦ ਦਾ ਅਰਥ ਹੈ— ਪ੍ਰਾਣੀ ਵਰਗ ਜਿਸ ਰਾਹੀਂ ਉੱਤਮ ਕ੍ਰਿਆ ਤੋਂ ਰਹਿਤ ਹੁੰਦੇ ਹਨ ।

ਪ੍ਰਮਾਦ ਪੰਜ ਪ੍ਰਕਾਰ ਦਾ ਹੈ 1) ਮਦ 2) ਵਿਸ਼ੇ 3) ਕਸ਼ਾਏ 4) ਨੀਂਦ 5) ਵਿਕਥਾ (ਧਰਮ ਕਥਾ ਤੋ ਉਲਟ ਗੱਲ)

ਪ੍ਰਮਾਦ ਅਣਗਹਿਲੀ, ਅਸਾਵਧਾਨੀ ਦੇ ਰੂਪ ਵਿਚ ਵੀ ਪ੍ਰਯੋਗ ਕੀਤਾ ਜਾਂਦਾ ਹੈ ।

ਕੋਈ ਕੋਈ ਅਗਿਆਨੀ ਜੀਵ ਪ੍ਰਾਣੀਆਂ ਦਾ ਘਾਤ ਕਰਨ ਲਈ ਤਲਵਾਰ ਆਦਿ ਹਥਿਆਰਾਂ ਤੇ ਮਨੁਖ ਸ਼ਸਤਰ ਦਾ ਪ੍ਰਯੋਗ ਸਿਖਦੇ ਹਨ ਅਤੇ ਪ੍ਰਾਣੀ ਤੇ ਭੂਤ (ਤਰਸ ਤੇ ਸਥਾਵਰ ਜੀਵ ਦੀ ਹਿੰਸਾ) ਲਈ ਮੰਤਰ ਸ਼ਕਤੀ ਦਾ ਪ੍ਰਯੋਗ ਕਰਦੇ ਹਨ। (4)

ਮਾਯਾਧਾਰੀ ਕਪਟੀ ਕਾਮ ਭੋਗ ਸੇਵਨ ਕਰਦਾ ਹੈ ਅਤੇ ਅਪਣੇ ਸੁੱਖ ਦੀ ਇਛਾ ਕਰਨ ਵਾਲੇ ਇਹ ਲੋਕ ਜੀਵਾਂ ਦੀ ਹਿੰਸਾ ਕਰਦੇ ਹਨ। ਉਨ੍ਹਾਂ ਦੇ ਅੰਗਾਂ ਨੂੰ ਭੰਗ ਕਰਦੇ ਹਨ। ਪੇਟ ਕਟਦੇ ਚੀਰਦੇ ਹਨ। (5)

ਅਸਜੰਮੀ ਜੀਵ ਮਨ ਬਚਨ ਤੇ ਸ਼ਰੀਰ ਦੀ ਸ਼ਕਤੀ ਨਾ ਹੋਣ ਦੇ ਬਾਵਜੂਦ ਮਨ ਰਾਹੀਂ ਜੀਵਾਂ ਦੀ ਅਪਣੇ ਮਨ ਰਾਹੀਂ ਇਸ ਲੋਕ ਤੇ ਪਰਲੋਕ ਦੇ ਜੀਵਾਂ ਦੀ ਭਾਵ ਹਿੰਸਾ ਕਰਦਾ ਹੈ ਅਤੇ ਦੂਸਰੇ ਤੋਂ ਕਰਵਾਉਂਦਾ ਹੈ। (6)

ਜੀਵ ਘਾਤ ਕਰਨ ਵਾਲਾ ਮਨੁੱਖ, ਅਨੇਕਾਂ ਜਨਮਾਂ ਲਈ ਜੀਵਾਂ ਨਾਲ ਨਾ ਖਤਮ ਹੋਣ ਵਾਲੀ ਵੈਰ ਦੀ ਕਰਮ ਪ੍ਰੰਪਰਾ ਬਨ੍ਹ ਲੈਣਾ ਹੈ (ਭਾਵ ਜਿਸ ਜਨਮ ਵਿਚ ਉਹ ਕਿਸੇ ਜੀਵ ਦੀ ਹਿੰਸਾ ਕਰਦਾ ਹੈ ਅਗਲੇ ਜਨਮ ਵਿਚ ਮਰਨ ਵਾਲਾ ਜੀਵ ਪਹਿਲੇ ਜੀਵ ਨਾਲ ਵੈਰ ਵੱਸ ਉਸਦਾ ਘਾਤ ਕਰੇਗਾ। ਫੇਰ ਉਹ ਨਵਾਂ ਵੈਰ ਕਰਦਾ ਹੈ ਜਿਸ ਰਾਹੀਂ ਜੀਵ ਹਿੰਸਾ ਉਤਪੰਨ ਹੁੰਦੀ ਹੈ ਅਤੇ ਉਹ ਜੀਵ ਦੁੱਖੀ ਹੁੰਦਾ ਹੈ। (7)

ਕਰਮ ਦੋ ਪ੍ਰਕਾਰ ਦਾ ਹੈ ਸਾਮਪਾਰਿਯਕ ਤੇ ਈਰੀਆ ਪਥਿਕ। ਕਸ਼ਾਏ ਪੂਰਵਕ ਕੀਤਾ ਕਰਮ, ਸਮਿਪਰਿਯਕ ਕਰਮ ਹੈ ਤੇ ਕਸ਼ਾਏ ਰਹਿਤ ਈਰੀਆਪਥਿਕ, ਖੁਦ ਪਾਪ ਕਰਨ ਵਾਲੇ ਸਾਂਪਰਿਯਕ ਕਰਮ ਦਾ ਸੰਗ੍ਰਿਹ ਕਰਤਾ ਹੈ। ਇਸ ਪ੍ਰਕਾਰ ਰਾਗ, ਦਵੇਸ਼ ਕਾਰਣ ਅਗਿਆਨੀ ਜੀਵ ਬਹੁਤ ਪਾਪਾਂ ਦਾ ਸੰਗ੍ਰਿਹ ਕਰਦੇ ਹਨ। (8)

ਉਹ ਅਗਿਆਨੀ ਜੀਵਾਂ ਦਾ ਸਕਰਮ (ਬਾਲ ਵੀਰਜ) ਕਿਹਾ ਹੈ ਹੁਣ (ਅਕਰਮ ਵੀਰਜ਼ ਪੰਡਿਤ ਵੀਰਜ) ਵਾਰੇ ਮੈਂ ਦਸਦਾ ਹਾਂ। (9)

ਮੁਕਤੀ ਦੇ ਇਛੁੱਕ ਪੁਰਸ਼ ਕਸ਼ਾਏ ਰੂਪ ਬੰਧਨ ਤੋਂ ਮੁਕਤ ਹੁੰਦੇ ਹਨ। ਸਾਰੇ ਬੰਧਨਾਂ ਨੂੰ ਕੱਟਕੇ, ਪਾਪ ਕਰਮ ਦਾ ਤਿਆਗ ਕਰਕੇ ਸਾਰੇ ਕੰਡੇ ਪੁਟ ਦਿੰਦੇ ਹਨ। ਅਤੇ ਕਰਮਾਂ ਦੀ ਪ੍ਰੰਪਰਾ ਦਾ ਖਾਤਮਾ ਕਰਦੇ ਹਨ। (10)

ਤੀਰਥੰਕਰਾਂ ਨੇ ਸਮਿਅਕ ਗਿਆਨ, ਸਮਿਅਕ ਦਰਸ਼ਨ ਤੇ ਸਮਿਅਕ ਚਾਰਿਤਰ ਨੂੰ ਮੋਕਸ਼ ਮਾਰਗ ਕਿਹਾ ਹੈ। ਬੁਧੀਮਾਨ ਪੁਰਸ਼ ਇਸ ਮਾਰਗ ਤੇ ਚਲਦੇ ਹਨ। ਬਾਲ ਵੀਰਜ ਰਾਹੀਂ ਵਾਰ ਵਾਰ ਨਰਕ ਦੀ ਪ੍ਰਾਪਤੀ ਦੇ ਦੁੱਖ ਪ੍ਰਾਪਤ ਹੁੰਦੇ ਹਨ ਅਤੇ ਅਸ਼ੁਭ ਕਰਮਾਂ ਵਿਚ ਵਾਧਾ ਹੁੰਦਾ ਹੈ। ਅਜੇਹਾ ਸਮਝ ਕੇ ਪੰਡਿਤ ਪੁਰਸ਼ ਮੋਕਸ਼ ਮਾਰਗ ਵੱਲ ਵਧੇ। (11)

ਉੱਚੇ (ਦੇਵਲੋਕ ਦੇ ਦੇਵਤੇ) ਸਥਾਨ ਦਾ ਵੀ ਇਕ ਦਿਨ ਤਿਆਗ ਕਰਨਾ ਪੈਂਦਾ ਇਸੇ ਪ੍ਰਕਾਰ ਰਿਸ਼ਤੇਦਾਰ, ਪਰਿਵਾਰ ਅਤੇ ਹੋਰ ਰਿਸਤੇ ਸਭ ਨਾਸ਼ ਨੂੰ ਪ੍ਰਾਪਤ ਹੁੰਦੇ ਹਨ। (12)

ਸੰਸਾਰ ਦੇ ਸਾਰੇ ਦੁੱਖ ਪਦ ਖਤਮ ਹੋ ਜਾਂਦੇ ਹਨ। ਇਹ ਸਮਝ ਕੇ ਬੁਧੀਮਾਨ ਪੁਰਸ਼ ਮਮਤਾ ਵਾਲੀ ਬੁਧੀ ਤਿਆਗ ਦੇਵੇ ਅਤੇ ਸਾਰੇ ਗਲਤ ਵਿਸ਼ਵਾਸਾਂ ਤੋਂ ਰਹਿਤ ਆਰੀਆ (ਜੈਨ) ਧਰਮ ਨੂੰ ਅੰਗੀਕਾਰ ਕਰੇ। (13)

ਸ਼ੁੱਧ ਬੁੱਧੀ ਰਾਹੀਂ ਜਾਂ ਗੁਰੂ ਆਦਿ ਤੋਂ ਸੁਣ ਕੇ ਧਰਮ ਸਾਰ ਨੂੰ ਜਾਨਕੇ ਸੰਜਮੀ ਮੁਨੀ ਆਤਮਾ ਦੀ ਉਨਤੀ ਲਈ, ਪਾਪਾਂ ਦਾ ਤਿਆਗੀ ਸਾਧੂ ਤੇ ਨਿਰਮਲ ਆਤਮਾ ਵਾਲਾ ਹੁੰਦਾ ਹੈ।(14)

ਗਿਆਨੀ ਪੁਰਸ਼ ਆਪਣੀ ਉਮਰ ਦੇ ਖਾਤਮੇ ਨੂੰ ਸਮਝਦਾ ਹੋਇਆ ਸਮਾਧੀ ਮਰਨ ਨੂੰ ਛੇਤੀ ਧਾਰਨ ਕਰੇ। (15)

ਜਿਵੇਂ ਕੱਛੂ ਅੰਗਾਂ ਨੂੰ ਸ਼ਰੀਰ ਵਿੱਚ ਇੱਕਠੇ ਕਰਕੇ ਛੋਟਾ ਕਰ ਲੈਂਦਾ ਹੈ। ਉਸੇ ਪ੍ਰਕਾਰ ਬੁਧੀਮਾਨ ਪੁਰਸ਼ ਪਾਪ ਨੂੰ ਧਰਮ ਧਿਆਨ ਦੀ ਭਾਵਨਾ ਰਾਹੀਂ ਛੋਟਾ ਕਰ ਲਵੇ। ਭਾਵ ਪਾਪਾਂ ਦੀ ਆਲੋਚਨਾ ਕਰਦਾ ਹੋਇਆ ਸਮਾਧੀ ਧਾਰਨ ਕਰੇ। (16)

ਮੁਨੀ ਅਪਣੇ ਹਥ, ਪੈਰ ਤੇ ਕਾਬੂ ਰਖੇ। ਮਨ ਤੇ ਇੰਦਰੀਆਂ ਸੰਬੰਧੀ ਵਿਸ਼ਿਆਂ ਨੂੰ ਛਡ ਦੇਵੇ। ਪਾਪ ਦੇਣ ਵਾਲੀ ਤੇ ਪਾਪਕਾਰੀ ਭਾਸ਼ਾ ਦੋਹਾਂ ਦ ਦੋਸ਼ਾਂ ਦਾ ਤਿਆਗ ਕਰੇ।" (17)

ਸਾਧੂ ਨੂੰ ਦੇਣ ਵਾਲਾ ਥੋੜਾ ਜੇਹਾ ਮਾਨ ਤੇ ਮਾਇਆ ਦਾ ਸੇਵਨ ਨਹੀਂ ਕਰਨਾ ਚਾਹੀਦਾ। ਮਾਨ ਤੇ ਮਾਇਆ ਦੇ ਅਸ਼ੁਭ ਫਲ ਨੂੰ ਜਾਨਕੇ ਗਿਆਨੀ ਪੁਰਸ਼ ਸੁਖ ਸੀਲ ਨਾ ਬਣੇ। ਕਰੋਧ ਨੂੰ ਛੱਡ ਕੇ, ਕਪੱਟ ਰਹਿਤ ਭਾਵਨਾ ਨਾਲ ਜੀਵਨ ਬਿਤਾਏ। (18)

ਪ੍ਰਾਣੀਆਂ ਦੇ ਪ੍ਰਾਣਾਂ ਦੀ ਹਿੰਸਾ ਨਾ ਕਰੇ। ਨਾ ਦਿਤੀ ਵਸਤੂ (ਚੋਰੀ) ਗ੍ਰਹਿਣ ਨਾ ਕਰੇ। ਕਪਟੀ ਭਾਸ਼ਾ ਦਾ ਤਿਆਗ ਕਰੇ। ਇਹ ਇੰਦਰੀਆਂ ਦੇ ਜੇਤੂ ਮੁਨੀ ਦਾ ਧਰਮ ਹੈ। (19)

ਸੰਜਮੀ ਮੁਨੀ ਬਚਨ ਜਾਂ ਮਨ ਰਾਹੀਂ ਜੀਵਾਂ ਨੂੰ ਪੀੜਾ ਨਾ ਪਹੁੰਚਾਵੇ। ਬਾਹਰਲੇ ਤੇ ਅੰਦਰ ਦੇ ਰੂਪ ਤੋਂ ਸੰਵਰ ਯੁਕਤ (ਇੰਦਰੀਆਂ ਦੇ ਵਿਸ਼ੇ ਤੇ ਕਾਬੂ) ਰਖੇ। ਠੀਕ ਢੰਗ ਨਾਲ ਸੰਜਮ ਦਾ ਸੇਵਨ ਕਰੇ। (20)

ਪਾਪਾਂ ਤੇ ਆਤਮਾ ਨੂੰ ਬਚਾਉਣ ਵਾਲਾ ਗੁਪਤ ਆਤਮਾ ਤੇ ਇਦਰੀਆਂ ਦਾ ਜੇਤੂ ਪੁਰਸ਼ ਕਿਸੇ ਰਾਹੀਂ ਕੀਤੇ, ਕੀਤੇ ਜਾ ਰਹੇ ਜਾਂ ਕੀਤੇ ਜਾਨ ਦੀ ਸੰਭਾਵਨਾ ਤਿੰਨੇ ਕਿਸਮ ਦੇ ਪਾਪਾਂ ਦੀ ਹਿਮਾਇਤ ਨਹੀਂ ਕਰਦਾ। (21)


ਸੰਸਾਰ ਦੇ ਪੁਰਸ਼ ਸ਼ਾਸਤਰ ਪੜ ਕੇ ਵੀ ਧਰਮ ਦੇ ਅਸਲ ਰੂਪ ਨੂੰ ਨਹੀਂ ਸਮਝਦੇ ਪਰ ਸੰਸਾਰ ਵਿਚ ਪ੍ਰਸਿਧ ਹਨ । ਜੋ ਦੁਸ਼ਮਨਾਂ ਤੇ ਜਿੱਤ ਪ੍ਰਾਪਤ ਕਰਨ ਵਾਲੇ ਹਨ ਪਰ ਉਹ ਸਮਿਅਕ ਦਰਸ਼ਨ ਤੋਂ ਰਹਿਤ ਹਨ, ਉਨ੍ਹਾਂ ਦੀ ਤਪ ਤਿਆਗ ਰੂਪੀ ਮੇਹਨਤ ਅਸ਼ੁੱਧ ਅਤੇ (ਕਰਮ ਬੰਧਨ) ਦਾ ਕਾਰਨ ਹਨ । (ਭਾਵ ਮਿਥਿਆਤਵ ਨਾਲ ਕੀਤਾ ਤੱਪ ਦਾਨ ਜਨਮ ਮਰਨ ਦਾ ਕਾਰਣ ਹੈ ਮੁਕਤੀ ਦਾ ਨਹੀਂ) । (22)

ਜੋ ਪੂਜਨੀਕ ਪੁਰਸ਼ ਧਰਮ ਦੇ ਭੇਦ ਨੂੰ ਜਾਣਦੇ ਹਨ । ਧਰਮ ਤੱਤਵ ਨੂੰ ਸਹੀ ਢੰਗ ਨਾਲ ਸਮਝਦੇ ਹਨ । ਜੋ ਕਰਮ ਦੁਸ਼ਮਨਾਂ ਤੇ ਜਿੱਤ ਪਾਉਣ ਵਿੱਚ ਸਮਰਥ ਹਨ । ਉਹ ਸਮਿਅਕ ਦਰਸ਼ਨ ਆਤਮਾ ਹਨ । ਉਨ੍ਹਾਂ ਦਾ ਤੱਪ ਤਿਆਗ ਨਿਰਮਲ, ਫਲਦੇਣ ਵਾਲਾ ਕਰਮ ਨਾਸ਼ਕ ਤੇ ਮੋਕਸ਼ ਦਾ ਕਾਰਣ ਹੁੰਦਾ ਹੈ । (25)

ਜੋ ਪ੍ਰਸਿਧ ਕੁਲ ਵਿੱਚ ਪੈਦਾ ਹੋਕੇ ਮੁਨੀ ਬਨੇ ਅਤੇ ਪ੍ਰਸਿਧੀ ਤੇ ਪੂਜਾ ਲਈ ਹੀ ਤੱਪ ਕਰਦੇ ਹਨ ਉਨ੍ਹਾਂ ਦਾ ਤੱਪ ਅਸ਼ੁਧ ਹੈ । ਗਿਆਨੀ ਪੁਰਸ਼ ਨੂੰ ਅਜੇਹਾ ਤੱਪ ਕਰਨਾ ਚਾਹੀਦਾ ਹੈ ਜਿਸ ਨੂੰ ਕੋਈ ਵੀ ਨਾ ਜਾਨ ਸਕੇ । ਤੱਪਸਵੀ ਨੂੰ ਆਪਣੇ ਮੂਹੋਂ ਆਪਣੇ ਤੱਪ ਦੀ ਪ੍ਰਸ਼ੰਸ਼ਾ ਨਹੀਂ ਕਰਨੀ ਚਾਹੀਦੀ ਹੈ । (24)

ਸੰਜਮ ਯਾਤਰਾ ਦੇ ਨਿਰਵਾਹ ਲਈ ਸਾਧੂ ਨੂੰ ਥੋੜਾ ਭੋਜਨ, ਤੇ ਪਾਣੀ ਲੈਣਾ ਚਾਹੀਦਾ ਹੈ । ਥੋੜਾ ਬੋਲਨਾ ਚਾਹੀਦਾ ਹੈ । ਖਿਮਾਵਾਨ ਲੋਭ ਰਹਿਤ, ਇੰਦਰੀਆਂ ਦੇ ਵਿਸ਼ੇਆਂ ਦਾ ਜੇਤੂ ਸੰਜਮ ਪ੍ਰਤਿ ਸਾਵਧਾਨ ਰਹੇ । (25)

ਸਾਧੂ ਧਰਮ, ਧਿਆਨ ਆਦਿ ਰਾਹੀਂ ਮਨ, ਬਚਨ, ਤੇ ਸ਼ਰੀਰ ਨੂੰ ਲੀਨ ਕਰਕੇ ਸ਼ਰੀਰ ਨੂੰ ਪਾਪਾਂ ਤੋਂ ਅਲਗ ਰਖੇ । ਪਰਿਸ਼ੇ ਤੇ ਕਸ਼ਟਾਂ ਨੂੰ ਸਹਿੰਦਾ ਹੋਇਆ ਕਲਿਆਨ-ਕਾਰੀ ਮੁਕਤੀ ਦੇ ਰਾਹ ਲਈ ਸੰਜਮ ਦਾ ਪਾਲਨ ਕਰੇ । ਅਜੇਹਾ ਮੈਂ ਆਖਦਾ ਹਾਂ । (26)





# ਧਰਮ ਨਾਮਕ ਨੌਵਾਂ ਅਧਿਐਨ

ਸੱਚਾ ਧਰਮ ਸ਼ਰੀਰ ਦਾ ਧਰਮ ਨਹੀਂ, ਸਗੋਂ ਉਹ ਧਰਮ ਹੈ ਜੋ ਆਤਮਾ ਦੀ ਪਛਾਨ ਕਰਾਵੇ। ਇਸ ਲਵੀ ਜਰੂਰੀ ਹੈ ਕਿ ਸਮਿਅਕ ਗਿਆਨ ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਰਾਹੀਂ ਖਿਮਾ ਆਦਿ 10 ਪ੍ਰਕਾਰ ਦੇ ਧਰਮ ਦਾ ਪਾਲਨ ਕੀਤਾ ਜਾਵੇ।

ਧਰਮ ਦੇ ਵੀ 4 ਨਿਕਸ਼ੇਪ ਹਨ ਨਾਮ, ਸਥਾਪਨਾ, ਦਰਵ ਅਤੇ ਭਾਵ। ਨਾਮ ਦੇ ਸਥਾਪਨਾ ਸੁਖਾਲੇ ਨਿਕਸ਼ੇਪ ਹਨ। ਦਰਵ ਧਰਮ ਦੇ ਤਿੰਨ ਭੇਦ ਹਨ 1) ਸਚਿਤ 2) ਅਚਿਤ 3) ਮਿਸ਼ਰ 4) ਸਚਿਤ—ਜਿਉਂਦੇ ਸ਼ਰੀਰ ਦਾ ਸੁਭਾਅ ਹੀ ਸਚਿਤ ਧਰਮ ਹੈ। ਅਚਿਤ—ਧਰਮ, ਅਧਰਮ, ਕਾਲ, ਪੁਦਗਲ, ਅਕਾਸ਼ ਆਦਿ ਦਾ ਸੁਭਾਵ ਅਚਿਤ ਧਰਮ ਹੈ।

ਮਿਸਰ ਦਰਵ ਧਰਮ—ਜੋ ਦੁਧ ਤੇ ਪਾਣੀ ਹਨ ਉਸ ਦਾ ਧਰਮ (ਸੁਭਾਵ) ਹੀ ਮਿਸ਼ਰ ਧਰਮ ਹੈ।

ਗ੍ਰਹਿਸਥ ਦਾ ਧਾਰਮਿਕ ਜੀਵਨ ਨਿਯਮ ਤੇ ਛੋਟੇ ਵਰਤਾਂ ਤੇ ਅਧਾਰਿਤ ਹੈ। ਸੰਸਾਰਿਕ ਕਰਤਵ, 9 ਪ੍ਰਕਾਰ ਦਾ ਪੁੰਨ ਦਰਵ ਧਰਮ ਹੈ

ਭਾਵ ਧਰਮ ਨੇ ਆਗਮ ਪਖੋਂ ਦੋ ਪ੍ਰਕਾਰ ਦਾ ਹੈ—ਲੌਕਿਕ ਤੇ ਲੋਕੋਤਰ। ਲੌਕਿਕ ਧਰਮ ਵੀ ਦੋ ਤਰ੍ਹਾਂ ਦਾ ਹੈ।

ਇਕ ਗ੍ਰਹਿਸਥ ਦਾ, ਦੂਸਰਾ ਪਾਸੰਡੀ (ਦੂਸਰੇ ਮੱਤ ਵਾਲੇ ਦਾ ਧਰਮ) ਲੋਕੋਤਰ ਧਰਮ ਤੋਂ ਭਾਵ ਗਿਆਨ, ਦਰਸਨ ਤੇ ਚਾਰਿਤਰ ਹੈ।

ਇਸ ਅਧਿਐਨ ਵਿਚ ਲੋਕੋਤਰ ਧਰਮ ਦਾ ਹੀ ਵਰਨਣ ਹੈ।

# ਨੌਵਾਂ ਧਰਮ ਅਧਿਐਨ

ਉਸ ਸ੍ਰਮਣ ਬ੍ਰਾਹਮਣ (ਕੇਵਲ ਗਿਆਨੀ) ਨੇ ਕੇਹੜਾ ਧਰਮ ਕਿਹਾ ਹੈ ? (ਸ੍ਰੀ ਜੰਬੂ ਸਵਾਮੀ ਦੇ ਇਹ ਪੁੱਛਣ ਤੇ ਸ੍ਰੀ ਸੁਧਰਮਾ ਸਵਾਮੀ ਆਖਦੇ ਹਨ) ਤੀਰਥੰਕਰਾਂ ਰਾਹੀਂ ਕਪਟ ਤੋਂ ਰਹਿਤ ਸਰਲ ਧਰਮ ਨੂੰ ਮੇਰੇ ਪਾਸੋਂ ਸੁਣੋ ।" (1)

ਇਸ ਸੰਸਾਰ ਵਿੱਚ ਜੋ ਵੀ ਬ੍ਰਾਹਮਣ, ਖਤਰੀ, ਵੈਸ਼. ਚੰਡਾਲ, ਬੁਕਸ (ਵਰਨਸੰਕਰ) ਏਸ਼ੀਕ,ਵੈਸ਼ੀਕ ਤੇ ਸ਼ੂਦਰ ਆਦਿ ਹਨ। ਉਹ ਆਰੰਬ (ਹਿੰਸਾ) ਆਦਿ ਪਾਪ ਵਿੱਚ ਰੁੱਝੇ ਹਨ ਤੇ ਪਰਿਗ੍ਰਹਿ ਵਿੱਚ ਜੁੜੇ ਹਨ ਤੇ ਉਹ ਜੀਵ ਦੂਸਰੇ ਨਾਲ ਵੈਰ ਦਾ ਵਾਧਾ ਕਰਦੇ ਹਨ । ਉਸ ਆਰੰਬ ਨਾਲ ਕਾਮ ਭੋਗਾਂ ਵਿੱਚ ਜੁੜੇ ਜੀਵਾਂ ਦੇ ਕਰਮਾਂ ਦਾ ਅੰਤ ਨਹੀਂ ਹੁੰਦਾ । (2-3)

ਪਰਿਵਾਰ ਸੰਬੰਧੀ ਵਿਸ਼ੇ ਵਿਕਾਰਾਂ ਵਿੱਚ ਫੱਸੇ ਲੋਕ, ਮਰੇ ਪੁਰਸ਼ ਦਾ ਅਗਨੀ ਸੰਸਕਾਰ ਕਰਕੇ ਉਸ ਦੇ ਕਮਾਏ ਧਨ ਤੇ ਕਬਜਾ ਕਰ ਲੈਂਦੇ ਹਨ । ਧਨ ਕਮਾਉਣ ਲਈ ਪਾਪ ਕਰਮ ਕਰਨ ਵਾਲਾ, ਉਹ ਮਰਨ ਵਾਲਾ ਮਨੁੱਖ ਪਾਪ ਕਰਮਾਂ ਕਾਰਣ ਇਕੱਲਾ ਹੀ ਫਲ ਭੋਗਦਾ ਹੈ । (4)

---

ਗਾਥਾ ਟਿਪਣੀ 2-3—ਬ੍ਰਾਹਮਣ, ਪਸ਼ੂ ਬਲੀ ਰਾਹੀਂ ਪਾਪ ਕਰਦੇ ਹਨ । ਖੱਤਰੀ ਸ਼ਿਕਾਰ ਨਾਲ ਨਿਰਦੋਸ਼ ਜੀਵਾਂ ਦੀ ਹੱਤਿਆ ਬਿਨਾ ਕਾਰਣ ਕਰਦੇ ਹਨ । ਬਾਣੀਏ ਛੋਟੀ ਤੇ ਬੜੀ ਹਿੰਸਾ ਕਰਦੇ ਹਨ ।

ਚੰਡਾਲ ਪਸ਼ੂ ਹਿੰਸਾ ਲਈ ਪ੍ਰਸਿਧ ਹਨ । ਬੁਕਸ ਤੋਂ ਭਾਵ ਹੈ ਦੋ ਭਿੰਨ-ਭਿੰਨ ਵਰਨ ਤੋਂ ਉਤਪਨ ਸੰਤਾਨ ਹੀ ਬੁਕਸ ਹੈ । ਜਿਵੇਂ ਬ੍ਰਾਹਮਣ ਤੇ ਖਤਰੀ ਇਸਤਰੀ ਪੁਰਸ਼ ਦੀ ਸੰਤਾਨ ਬੁਕਸ ਹੈ ।

ਮਿਰਗ ਹਾਥੀ ਦੇ ਮਾਸ ਦੀ ਤਲਾਸ਼ ਵਿਚ ਘੁਮਨ ਵਾਲੇ ਸ਼ਿਕਾਰੀ ਜਾਂ ਹਸਤੀ ਤਾਪਸ ਏਸ਼ੀਕ ਹਨ ।

ਭਿੰਨ-ਭਿੰਨ ਕਲਾਂ ਨਾਲ ਪੈਸੇ ਕਮਾਉਣ ਵਾਲੇ ਵੈਸ਼ੀਕ ਹਨ । ਇਸੇ ਤਰ੍ਹਾਂ ਸ਼ੂਦਰ ਵੀ ਭਿੰਨ-ਭਿੰਨ ਪ੍ਰਕਾਰ ਦੀ ਹਿੰਸਾ ਨਾਲ ਪਾਪ ਕਰਮ ਬੰਧ ਕਰਦੇ ਹਨ ।

ਸ਼ਾਸਤਰਕਾਰ ਦਾ ਭਾਵ ਹੈ ਕਿ ਕੋਈ ਵੀ ਜਾਤੀ ਜਨਮ ਤੋਂ ਸ਼ੁਧ ਧਾਰਮਿਕ ਨਹੀਂ ਅਖਵਾ ਸਕਦੀ । ਹਾਂ ਸ਼ੁਭ ਕਰਮ ਕਰਕੇ ਤੇ ਸ਼ੂਦਰ ਵੀ ਸ਼੍ਰਮਣ ਬ੍ਰਾਹਮਣ ਅਖਵਾ ਕੇ ਪੂਜ ਬਨ ਸਕਦਾ ਹੈ ।

ਕਰਮਾਂ ਅਨੁਸਾਰ ਦੁੱਖ ਪਾਉਣ ਵਾਲੇ ਜੀਵ ਨੂੰ, ਮਾਂ ਪਿਉ, ਨੂੰਹ, ਭਾਈ, ਪਤਨੀ ਅਤੇ ਔਰਸ (ਹੋਰ ਪਤਨੀ ਦਾ ਪੁੱਤਰ) ਵੀ ਕਰਮ ਫਲ ਤੋਂ ਨਹੀਂ ਬਚਾ ਸਕਦੇ। (5)

ਇਸ ਗੱਲ ਨੂੰ ਠੀਕ ਤਰ੍ਹਾਂ ਸਮਝ ਕੇ, ਸੱਚੇ ਮੋਕਸ਼ ਤੱਤ ਨੂੰ ਜਾਣ ਕੇ ਭਿਕਸ਼ੂ, ਮਮਤਾ ਤੇ ਅਹੰਕਾਰ ਦਾ ਤਿਆਗ ਕਰਕੇ (ਜੈਨ) ਧਰਮ ਅਨੁਸਾਰ ਸੰਜਮ ਦਾ ਪਾਲਨ ਕਰੇ। (6)

ਧਨ, ਪੁੱਤਰ, ਜਾਤ ਅਤੇ ਪਰਿਗ੍ਰਹਿ ਨੂੰ ਛੱਡ ਕੇ ਅਤੇ ਅਨੰਤ ਸ਼ੋਕ ਸੰਤਾਪ ਦਾ ਤਿਆਗ ਕਰਕੇ, ਕਿਸੇ ਭੀ ਸੰਸਾਰਿਕ ਪਦਾਰਥ ਦੀ ਇੱਛਾ ਨਾਂ ਰਖਦਾ ਹੋਇਆ ਸਾਧੂ, ਸੰਜਮ ਦਾ ਪਾਲਨ ਕਰੇ। (7)

ਪ੍ਰਿਥਵੀ, ਧੁੱਪ, ਹਵਾ, ਘਾਹ, ਦਰਖ਼ਤ, ਬੀਜ, ਆਦਿ ਬਨਾਸਪਤਿ ਅੰਡਜ, ਪੋਤਜ ਤੇ ਜੇਰਜ ਰਸਜ, ਉਦਭਿਜ (ਡੱਡੂ ਆਦਿ ਤਰਸ ਕਾਈਆਂ ਦੇ 6 ਪ੍ਰਕਾਰ ਦੇ) ਜੀਵ ਹਨ। ਵਿਵੇਕੀ ਪੁਰਸ਼ ਇਨ੍ਹਾਂ ਛੇ ਕਾਇਆਂ (ਸ਼ਰੀਰਾਂ) ਵਾਲੇ ਜੀਵਾਂ ਨੂੰ ਜਾਣਦਾ ਹੋਇਆ ਮਨ ਬਚਨ ਤੇ ਸ਼ਰੀਰ ਰਾਹੀਂ ਆਰੰਬ-ਪਰਿਗ੍ਰਹਿ ਨਾ ਕਰੇ। (8)

ਝੂਠ ਬੋਲਣਾ, ਮੈਥੁਨ, (ਕਾਮ ਭੋਗ) ਪਰਿਗ੍ਰਹਿ, ਤੇ ਚੋਰੀ ਇਹ ਸਭ ਹਥਿਆਰ ਰੱਖਣ ਦੀ ਤਰ੍ਹਾਂ ਹੈ। ਕਰਮ ਆਸ਼ਰਵ (ਬੰਧ) ਦਾ ਕਾਰਣ ਹਨ। ਗਿਆਨੀ ਪੁਰਸ਼, ਗਿਆਨ ਰਾਹੀਂ ਜਾਣਦਾ ਹੋਇਆ ਇਨ੍ਹਾਂ ਦਾ ਤਿਆਗ ਕਰ ਦੇਵੇ। (10)

ਮਾਇਆ, ਲੋਭ, ਕਰੋਧ ਤੇ ਮਾਨ ਦਾ ਤਿਆਗ ਕਰੋ। ਕਿਉਂਕਿ ਇਸ ਲੋਕ ਵਿੱਚ ਇਹੋ ਸਭ ਕਰਮਾਂ ਦੇ ਆਸ਼ਰਵ (ਆਉਣ ਦੇ ਕਾਰਣ) ਹਨ। ਗਿਆਨੀ ਪੁਰਸ਼ ਆਪਣੇ ਗਿਆਨ ਰਾਹੀਂ ਜਾਣਦਾ ਹੋਇਆਂ ਇਨ੍ਹਾਂ ਦਾ ਤਿਆਗ ਕਰ ਦੇਵੇ। (11)

ਹਥ ਪੈਰ ਤੇ ਕੱਪੜੇ ਧੋਣਾ, ਰੰਗਣਾ, ਐਨੀਮਾ, ਜੁਲਾਬ ਦੇਣਾ, ਉਲਟੀ ਕਰਨਾ, ਅੱਖਾਂ ਵਿੱਚ ਸੁਰਮਾ ਆਦਿ ਸਭ ਸੰਜਮ ਪਾਲਣ ਵਿੱਚ ਰੁਕਾਵਟ ਦਾ ਕਾਰਣ ਹਨ। ਸੋ ਵਿਦਵਾਨ ਇਨ੍ਹਾਂ ਸੰਜਮ ਨੂੰ ਨਸ਼ਟ ਕਰਨ ਵਾਲੇ ਕੰਮਾਂ ਦਾ ਤਿਆਗ ਗਿਆਨ ਰਾਹੀਂ ਕਰ ਦੇਵੇ। (12)

ਸੁਗੰਧ, ਫੁੱਲਾਂ ਦੀ ਮਾਲਾ, ਇਸ਼ਨਾਨ, ਦੰਦ ਦਾ ਸ਼ਿੰਗਾਰ, ਪਰਿਗ੍ਰਹਿ, ਇਸਤਰੀ ਭੋਗ ਤੇ ਹਸਤ ਕਰਮ (ਹੱਥਰਸੀ) ਨੂੰ ਸੰਸਾਰ ਵਿੱਚ ਭਟਕਾਉਣ ਦਾ ਕਾਰਣ ਸਮਝ ਕੇ ਗਿਆਨੀ, ਇਨ੍ਹਾਂ ਨੂੰ ਤਿਆਗ ਦੇਵੇ। (13)

ਸਾਧੂ ਲਈ ਬਣਾਇਆ ਖਰੀਦਿਆ ,ਉਧਾਰ ਲਿਆ, ਘਰੋਂ ਸਿਧਾ, ਜਾ ਅਸਿਧਾ, ਗ੍ਰਹਿਸਥ ਨੇ ਭੋਜਨ ਤਿਆਗ ਕੀਤਾ ਹੈ। ਪਰਤੀ ਕਰਮ ਵਾਲਾ (ਜਿਸ ਵਿਚ ਇਨ੍ਹਾਂ ਵਸਤਾਂ ਦੀ ਮਿਲਾਵਟ ਹੋਵੇ) ਅਤੇ ਕਿਸੇ ਹੋਰ ਤਰ੍ਹਾਂ ਨਾਲ ਲੈ ਆਉਂਦਾ ਹੋਵੇ। ਅਜਿਹੇ ਭੋਜਨ ਦਾ ਗਿਆਨੀ ਮੁਨੀ ਤਿਆਗ ਕਰ ਦੇਵੇ। (14)

ਕਾਮ, ਵਿਕਾਰ ਵਧਾਉਣ ਵਾਲੀਆਂ ਦਵਾਈਆਂ, ਅਖਾਂ ਵਿਚ ਸੁਰਮੇ ਦੇ ਪ੍ਰਯੋਗ ਇੰਦਰੀਆਂ ਦੇ ਵਿਸ਼ੇ ਵਿਕਾਰਾਂ ਵਿਚ ਉਲਝਣਾ, ਹਿੰਸਕ ਕਾਮ, ਹਥ ਪੈਰ ਧੋਣਾ, ਸ਼ਰੀਰ ਤੇ ਬਟਨਾ ਮਲਣ ਦਾ, ਵਿਵੇਕੀ ਸਾਧੂ ਤਿਆਗ ਕਰ ਦੇਵੇ । (15)

ਅਸੰਜਮੀ ਮਨੁਖਾਂ ਨਾਲ ਸੰਸਾਰਕ ਗੱਲਾਂ ਕਰਨਾ, ਗ੍ਰਹਿਸਥ ਦੇ ਕਾਮ ਭੋਗਾਂ ਦੀ ਪ੍ਰਸ਼ੰਸਾ ਕਰਨਾ, ਜੋਤਸ਼ ਦਾ ਉਤਰ ਦੇਣਾ, ਸੈਂਯਤਰ (ਮਕਾਨ ਮਾਲਿਕ) ਦਾ ਭੋਜਨ ਦਾ ਗਿਆਨੀ ਮੁਨੀ ਤਿਆਗ ਕਰ ਦੇਵੇ । (16)

ਸਾਧੂ ਜੂਆ ਤਿਆਗ ਦੇਵੇ, ਧਰਮ ਵਿਰੁਧ ਭਾਸ਼ਾ ਨਾ ਬੋਲੇ, ਹੱਥ ਕਰਮ ਨਾ ਕਰੇ, ਫਾਲਤੂ ਵਹਿਸ ਤਿਆਗ ਦੇਵੇ । ਵਿਦਵਾਨ ਸਾਧੂ ਇਨ੍ਹਾਂ ਗੱਲਾਂ ਨੂੰ ਜਨਮ ਮਰਨ ਦਾ ਕਾਰਣ ਸਮਝਕੇ ਤਿਆਗ ਦੇਵੇ । (17)

ਪੈਰਾਂ ਵਿਚ ਜੁੱਤੇ ਪਾਉਣਾ. ਛਤਰ ਧਾਰਨ ਕਰਨਾ, ਜੂਆ ਖੇਲਨਾ, ਚਾਮਰ ਝੁਲਾਉਣਾ, ਪ੍ਰਸਪਰਕੀ (ਗ੍ਰਹਿਸਥ ਤੋਂ ਸੇਵਾ ਲੈਣਾ) ਤੇ ਹੋਰ ਆਪਸੀ ਪਾਪ ਕ੍ਰਿਆਵਾਂ ਨੂੰ ਪਾਪ ਦਾ ਕਾਰਣ ਸਮਝ ਕੇ ਗਿਆਨੀ ਮੁਨੀ ਤਿਆਗ ਦੇਵੇ । (18)

ਸਾਧੂ ਹਰੀ ਬਨਸਪਤੀ ਉਪਰ ਮਲ ਮੂਤਰ ਦਾ ਤਿਆਗ ਨਾ ਕਰੇ । ਕੱਚੇ (ਅਚਿਤ) ਪਾਣੀ ਤੋਂ ਬੀਜ ਹਟਾ ਕੇ ਪਾਣੀ ਨਾ ਪੀਵੇ । (19)

ਸਾਧੂ ਗ੍ਰਹਿਸਥ ਦੇ ਭਾਂਡੇ ਵਿੱਚ ਭੋਜਨ ਜਾਂ ਪਾਣੀ ਨਾ ਲਵੇ । ਵਸਤਰ ਰਹਿਤ ਹੋਣ ਤੇ ਗ੍ਰਹਿਸਥ ਦੇ ਕੱਪੜੇ ਨਾ ਪਹਿਨੇ । ਇਨ੍ਹਾਂ ਨੂੰ ਪਾਪਾਂ ਦਾ ਕਾਰਣ ਸਮਝ ਕੇ ਸਾਧੂ ਤਿਆਗ ਦੇਵੇ । (20)

ਮੰਜੇ ਪਲੰਘ ਤੇ ਬੈਠਣਾ, ਗ੍ਰਹਿਸਥ ਦੇ ਘਰ ਬੈਠਣਾ ਬਿਨਾ ਕਾਰਣਾਂ ਗ੍ਰਹਿਸਥ ਦਾ ਹਾਲ ਚਾਲ ਪੁਛਣਾ, ਪਹਿਲੇ ਭੋਗੇ ਕਾਮ ਭੋਗਾਂ ਨੂੰ ਯਾਦ ਕਰਨਾ । ਸਾਧੂ ਇਨ੍ਹਾਂ ਸਭ ਗੱਲਾਂ ਦਾ ਤਿਆਗ ਕਰ ਦੇਵੇ । (21)

ਯਸ਼ ਕੀਰਤੀ ਸ਼ਲਾਘਾ, ਬੰਦਨਾ, ਪੂਜਾ ਤੇ ਸਾਰੇ ਲੋਕ ਦੇ ਕਾਮ ਭੋਗਾਂ ਦਾ ਵਿਦਵਾਨ ਮੁਨੀ ਤਿਆਗ ਕਰ ਦੇਵੇ । (22)

ਜਿਸ ਭੋਜਨ ਤੇ ਪਾਣੀ ਨਾਲ ਸੰਜਮ ਯਾਤਰਾ ਨਾਲ ਸਾਧੂ ਜੀਵਨ ਅੱਗੇ ਨਹੀਂ ਵਧਦਾ ਅਜਿਹਾ ਅਸ਼ੁਧ ਭੋਜਨ ਤੇ ਪਾਣੀ ਦੂਸਰੇ ਸਾਧੂ ਨੂੰ ਵੀ ਨਾ ਦੇਵੇ । ਅਜੇਹੇ ਭੋਜਨ ਨੂੰ ਪਾਪ ਕਰਮ ਸਮਝਦਾ ਹੈ । ਕਰਮ ਬੰਧ ਦਾ ਕਾਰਣ ਸਮਝਕੇ ਧੋ ਕੇ ਵੀ ਸਾਧੂ ਨੂੰ ਨਾ ਦੇਵੇ । (23)

ਅਨੰਤ ਗਿਆਨੀ, ਅਨੰਤ ਦਰਸ਼ੀ, ਮਹਾਮੁਨੀ, ਬਾਹਰਲੇ ਤੇ ਅੰਦਰਲੇ ਪਰਿਗ੍ਰਹਿ ਤੋਂ ਮੁਕਤ ਭਗਵਾਨ ਮਹੀਵਰ ਨੇ ਅਜੇਹੇ ਸ਼ਰੁਤ (ਗਿਆਨ) ਚਾਰਿੱਤਰ (ਸਾਧੂ ਜੀਵਨ) ਦਾ ਉਪਦੇਸ਼ ਦਿੱਤਾ । (24)

ਭਾਸ਼ਾ ਸੀਮਿਤੀ ਵਾਲਾ ਸਾਧੂ ਬੋਲਦਾ ਹੋਇਆਂ ਵੀ ਨਹੀਂ ਬੋਲਦਾ। ਕਿਸੇ ਦਾ ਭੇਦ ਨਾ ਖੋਲ੍ਹੇ। ਹਿੰਸਾ ਕਾਰਕ ਭਾਸ਼ਾ ਨਾ ਬੋਲੇ। ਕਪਟੀ ਭਾਸ਼ਾ ਦਾ ਤਿਆਗ ਕਰੇ। ਸੋਚ ਸਮਝ ਕੇ ਬੋਲੇ। (25)

ਚਾਰ ਪ੍ਰਕਾਰ ਦੀ ਭਾਸ਼ਾ ਵਿਚੋਂ ਤੀਸਰੀ ਮਿਸ਼ਰ ਭਾਸ਼ਾ ਹੈ। ਉਸ ਭਾਸ਼ਾ ਵਿਚ ਝੂਠ ਮਿਲਿਆ ਹੈ। ਸਾਧੂ ਅਜੇਹੀ ਭਾਸ਼ਾ ਦਾ ਪ੍ਰਯੋਗ ਨਾ ਕਰੇ, ਜਿਸ ਨੂੰ ਬੋਲ ਕੇ ਪਸ਼ਚਾਤਾਪ ਕਰਨਾ ਪਵੇ। ਜਿਸ ਨੂੰ ਲੋਕ ਛਿਪਾਉਣਾ ਚਾਹੁਣ, ਸਾਧੂ ਅਜੇਹੀ ਭਾਸ਼ਾ ਵੀ ਨਾ ਬੋਲੇ। ਅਜੇਹੀ ਨਿਰਗ੍ਰੰਥ ਭਗਵਾਨ ਦੀ ਆਗਿਆ ਹੈ। (26)

"ਉਏ ਮੂਰਖ," ਦੀ ਵਰਤੋਂ ਮਹੋਲਾਵਾਕ ਅਖਵਾਉਣਾ ਹੈ। ਹੇ ਮਿੱਤਰ, ਜਾਂ ਮੇਰੇ ਯਾਰ, ਸਾਥੀਵਾਦ ਅਖਵਾਉਣਾ ਹੈ। ਹੇ ਕਸ਼ਯਪ ਗੋਤ, ਗੋਤਰਵਾਦ, ਅਖਵਾਉਣਾ ਹੈ, ਸਾਧੂ ਅਜੇਹੀ ਭਾਸ਼ਾ ਨਾ ਬੋਲੇ। ਤੂੰ-ਤੂੰ ਵਰਗੀ ਤੁੱਛ ਤੇ ਮਨ ਨੂੰ ਚੰਗੀ ਲੱਗਣ ਵਾਲੀ ਭਾਸ਼ਾ ਦਾ ਸਾਧੂ ਪ੍ਰਯੋਗ ਕਰੇ। (27)

---

ਗਾਥਾ ਟਿਪਣੀ 26—ਭਾਸ਼ਾ ਵਾਰੇ ਸ਼ੀਲਾਂਕਾਚਾਰਿਆ ਤੇ ਅਪਣੀ ਸੰਸਕ੍ਰਿਤ ਟੀਕਾ ਵਿਚ ਇਸ ਪ੍ਰਕਾਰ ਕਿਹਾ ਹੈ। ਭਾਸ਼ਾ ਚਾਰ ਪ੍ਰਕਾਰ ਦੀ ਹੈ।

1) ਸੱਤ 2) ਅਸੱਤ 3) ਸੱਤਮਰਿਸ਼ਾ 4) ਅਸੱਤ ਅਮਰਿਸ਼ਾ ਇਨ੍ਹਾਂ ਚਾਰ ਭਾਸ਼ਾਵਾਂ ਵਿਚੋਂ ਸੱਤ ਮਰਿਸ਼ਾ ਨਾਂ ਦੀ ਤੀਸਰੀ ਭਾਸ਼ਾ ਹੈ। ਇਹ ਭਾਸ਼ਾ ਕੁਝ ਝੂਠੀ ਹੈ ਤੇ ਕੁਝ ਸੱਚੀ ਹੈ ਜਿਵੇਂ ਕਿਸੇ ਨੇ ਅੰਦਾਜ ਨਾਲ ਇਸ ਤਰ੍ਹਾਂ ਆਖਿਆ "ਇਸ ਪਿੰਡਵਿਚ 10 ਲੜਕੇ ਪੈਦਾ ਹੋਏ ਜਾਂ ਮਰੇ ਹਨ ਇਨ੍ਹਾਂ ਦੀ ਜਨਮ ਮਰਨ ਦੀ ਸੰਖਿਆ ਵਿਚ ਕੁਛ ਫਰਕ ਪੈ ਸਕਦਾ ਹੈ। ਸੋ ਇਸ ਬਚਨ ਵਿਚ ਕੁਝ ਸੱਤਹੈ ਤੇ ਕੁਝ ਝੂਠ ਵੀ ਹੈ। ਜਿਸ ਬਚਨ ਨੂੰ ਆਖ ਕੇ ਪਸ਼ਚਾਤਾਪ ਕਰਨਾ ਪਵੇ ਸਾਧੂ ਅਜੇਹੀ ਭਾਸ਼ਾ ਨਾ ਬੋਲੇ। ਤੀਸਰੀ ਭਾਸ਼ਾ ਝੂਠ ਨਾਲ ਮਿਲੀ ਹੋਣ ਕਾਰਣ ਦੋਸ਼ ਉਤਪਨ ਕਰਦੀ ਹੈ। ਫੇਰ ਸਾਰੇ ਅਰਥ ਨੂੰ ਉਲਟ ਦਸਨ ਵਾਲੀ ਦੂਸਰੀ ਅਸੱਤ ਭਾਸ਼ਾ ਦੀ ਗੱਲ ਹੀ ਕੀ ਹੈ। ਪਹਿਲੀ ਭਾਸ਼ਾ ਸਮੁਚਾ ਸੱਤ ਹੈ ਪਰ ਸਾਧੂ ਨੂੰ ਕਸ਼ਟ ਦੇਣ ਵਾਲਾ ਸੱਚ ਵੀ ਨਹੀਂ ਬੋਲਨਾ ਚਾਹੀਦਾ ਜਿਵੇਂ ਅਨ੍ਹੇ ਨੂੰ ਅਨ੍ਹਾ ਆਖਣਾ।

ਚੌਥੀ ਭਾਸ਼ਾ ਜੋ ਸੱਚ ਵੀ ਨਹੀਂ ਤੇ ਝੂਠ ਵੀ ਨਹੀਂ ਉਹ ਵੀ ਸੇਵਨ ਯੋਗ ਨਹੀਂ। ਸ਼ਾਸਤਰ ਕਾਰ ਆਖਦੇ ਹਨ ਜਿਸ ਬਚਨ ਵਿਚ ਹਿੰਸਾ ਪ੍ਰਧਾਨ ਹੈ ਜਿਵੇਂ ਕਿ ਕਤਲ ਕਰੋ, ਇਹ ਚੋਰ ਹੈ, ਰੱਬ ਲਈ ਜੋੜੇ ਆਦਿ। ਜਿਸ ਗੱਲ ਨੂੰ ਲੋਗ ਸਮਝਦਾਰੀ ਨਾਲ ਛਿਪਾਉਂਦੇ ਹਨ। ਅਜੇਹਾ ਸੱਚ ਭਾਵੇਂ ਕਿੰਨਾ ਬੜਾ ਹੋਵੇ, ਵਿਵੇਕੀ ਤੇ ਭਾਸ਼ਾ ਦੇ ਸੰਜਮੀ ਲਈ ਬੋਲਨ ਯੋਗ ਨਹੀਂ।

ਭਿਕਸ਼ੂ ਨੂੰ ਕਦੇ ਵੀ ਕੁਸ਼ੀਲ (ਕਾਮ ਭੋਗਾਂ) ਦਾ ਸੇਵਨ ਨਹੀਂ ਕਰਨਾ ਚਾਹੀਦਾ। ਕੁਸ਼ੀਲ (ਭਟਕੇ ਸਾਧੂ) ਨਾਲ ਮਿਲਾਪ ਵੀ ਨਾ ਕਰੇ। ਕੁਸ਼ੀਲ ਨਾਲ ਮਿਲਾਪ, ਸੰਜਮ ਨੂੰ ਨਸ਼ਟ ਕਰਨ ਵਾਲਾ ਦੁੱਖ ਹੈ। ਵਿਦਵਾਨ ਇਸ ਗੱਲ ਨੂੰ ਸਮਝੇ। (28)

ਸਾਧੂ ਰੋਗ ਆਦਿ ਕਾਰਣ ਆਈ ਅੰਤਰਾਏ (ਰੁਕਾਵਟ) ਤੋਂ ਛੁਟ ਗ੍ਰਹਿਸਥ ਦੇ ਘਰ ਵਿਚ ਨਾ ਰਹੇ। ਪਿੰਡ ਦੇ ਬੱਚਿਆਂ ਨਾਲ ਨਾ ਖੇਲੇ। ਨਾ ਹੀ ਬੱਚਿਆਂ ਵਰਗੀਆਂ ਹਰਕਤਾਂ ਕਰੇ। ਬੇਕਾਰ ਨਾ ਹੱਸੇ। (29)

ਮੁਨੀ ਮਨੋਹਰ ਕਾਮ ਭੋਗਾਂ ਵੱਲ ਨਾ ਲੱਗੇ। ਸਗੋਂ ਯਤਨਾਂ (ਸਾਵਧਾਨੀ) ਨਾਲ ਸੰਜਮ ਦਾ ਪਾਲਣ ਕਰੇ। ਭਿਖਿਆ ਲਈ ਘੁੰਮਣ ਫਿਰਨ ਵਿਚ ਅਣਗਹਿਲੀ ਨਾ ਕਰੇ। ਪਰਿਸ਼ੈ ਤੇ ਉਪਸਰਗਾਂ (ਕਸ਼ਟਾਂ) ਨੂੰ ਸਹਿਨਸ਼ੀਲਤਾ ਨਾਲ ਸਹੇ। (30)

ਲਾਠੀ ਨਾਲ ਮਾਰਿਆ ਜਾਂਦਾ ਸਾਧੂ ਗੁੱਸਾ ਨਾ ਕਰੇ ਅਤੇ ਕਿਸੇ ਦੇ ਗਾਲ ਆਦਿ ਦੇਨ ਤੇ ਵੀ, ਮਨ ਵਿਚ ਨਾਂ ਜਲੇ। ਸਗੋਂ ਪ੍ਰਸਨਤਾ ਦੇ ਨਾਲ ਇਸ ਵਿਵਹਾਰ ਨੂੰ ਸਹਿਨ ਕਰੇ। (31)

"ਪ੍ਰਾਪਤ ਕਾਮ ਭੋਗਾਂ ਨੂੰ ਸਾਧੂ ਸਵੀਕਾਰ ਨਾ ਕਰੇ" ਤੀਰਥੰਕਰਾਂ ਨੇ ਇਸੇ ਨੂੰ ਵਿਵੇਕ ਕਿਹਾ ਹੈ। ਸਾਧੂ ਅਚਾਰਿਆ ਆਦਿ ਗਿਆਨੀ ਲੋਕਾਂ ਦੀ ਆਗਿਆ ਤੇ ਆਚਰਣ (ਸਿਖਿਆ) ਦਾ ਪਾਲਨ ਕਰੇ। (32)

"ਸਾਧੂ ਨੂੰ ਸਵ ਸਮੇਂ (ਅਪਣੇ ਸਿਧਾਂਤ) ਤੇ ਪਰ ਸਮੇਂ (ਦੂਸਰੇ ਧਰਮ ਦੇ ਸਿਧਾਂਤ) ਵਾਰੇ ਗਿਆਨ ਜ਼ਰੂਰੀ ਹੋਣਾ ਚਾਹੀਦਾ ਹੈ ਸਮਿਅਕ ਤੱਪ ਰਾਹੀਂ ਤੇ ਗੁਰੂ ਦੀ ਸੇਵਾ ਰਾਹੀਂ ਸਾਧੂ ਉਪਾਸਨਾ ਕਰੇ। ਜੋ ਪੁਰਸ਼ ਕਰਮ ਦੁਸ਼ਮਣਾਂ ਦਾ ਖਾਤਮਾ ਕਰਨ ਵਿਚ ਸਮਰੱਥ ਹਨ। ਉਹ ਹੀ ਕੇਵਲ ਗਿਆਨ ਦੀ ਖੋਜ ਵਿਚ ਲੱਗੇ ਹਨ, ਇੰਦਰੀਆਂ ਜੇਤੂ ਹਨ" ਉਹ ਅਜੇਹੇ ਮਾਰਗ ਦਾ ਆਚਰਣ ਕਰਦੇ ਹਨ। (33)

ਘਰ ਵਿੱਚ ਦੀਵਾ ਨਾ ਵੇਖਣ ਵਾਲਾ (ਭਾਵ ਗ੍ਰਹਿਸਥ ਵਿੱਚ ਸਮਿਅਕ ਗਿਆਨ ਦੀ ਪ੍ਰਾਪਤੀ ਅਸੰਭਵ ਹੈ) ਪੁਰਸ਼ ਸੰਜਮ ਸਵਿਕਾਰ ਕਰਕੇ ਹੋਰ ਪੁਰਸ਼ਾਂ ਲਈ ਆਸਰਾ ਦੇਣ ਵਾਲਾ ਬਣ ਜਾਂਦਾ ਹੈ। ਉਹ ਵੀਰ ਪੁਰਸ਼ ਬੰਧਨ ਤੋਂ ਮੁਕਤ ਹੋ ਕੇ ਅਸੰਜਮੀ ਜੀਵਨ ਦੀ ਇੱਛਾ ਨਹੀਂ ਕਰਦਾ। (34)

ਸ਼ਬਦ, ਰੂਪ, ਗੰਧ, ਰਸ ਤੇ ਸਪਰਸ਼ ਦੇ ਵਿਕਾਰ ਵਿਚ ਨਾ ਫਸਦਾ ਹੋਇਆ ਸਾਧੂ ਪਾਪਾਂ ਤੋਂ ਮੁਕਤ ਹੋ ਕੇ ਘੁੰਮੇ। ਜੋ ਗਲਾਂ ਅਧਿਐਨ ਦੇ ਸ਼ੁਰੂ ਵਿਚ ਆਖੀਆਂ ਗਈਆਂ ਹਨ, ਜੋ ਗੱਲਾਂ ਆਗਮ ਵਿਰੁੱਧ ਹਨ ਅਤੇ ਜਿਨਾਂ ਦੇ ਬਚਨਾਂ ਲਈ ਕਿਹਾ ਗਿਆ ਹੈ ਮੁਨੀ ਉਨ੍ਹਾਂ ਨੂੰ ਛੱਡ ਦੇਵੇ। (35)

ਹਿੱਤ ਤੇ ਅਹਿਤ ਦਾ ਗਿਆਨੀ ਤੇ ਵਿਵੇਕੀ ਮੁਨੀ, ਕਰੋਧ, ਮਾਨ, ਮਾਇਆ ਤੇ ਲੋਭ ਅਤੇ ਰਿਧੀ ਅਤੇ ਸੱਤ ਗੌਰਵ ਰਸ ਦਾ ਤਿਆਗ ਕਰਕੇ ਸਿਰਫ ਮੋਕਸ਼ ਦੀ ਇੱਛਾ ਕਰ। ਅਜੇਹਾ ਮੈਂ ਆਖਦਾ ਹਾਂ। (36)



# ਭਾਵ ਸਮਾਧੀ ਨਾਮਕ ਦਸਵਾਂ ਅਧਿਐਨ

ਸਮਾਧੀ ਤੋਂ ਭਾਵ ਹੈ—ਸੰਤੋਖ, ਆਤਮ ਪ੍ਰਸੰਨਤਾ, ਆਨੰਦ, ਅੰਦਰਲੀ ਖੁਸ਼ੀ ਸਮਾਧੀ ਦਾ ਅਰਥ ਹੈ ।

सम्यग् अधीयते व्यवस्थाप्यते मोक्षे तन्मार्गं प्रति धर्मध्याना दिन स: समाध ।

ਜਿਸ ਧਰਮ ਧਿਆਨ, ਗਿਆਨ, ਵਿਨੈ, ਅਚਾਰ, ਤੱਪ ਸਾਧਨਾ ਨਾਲ ਮੋਕਸ਼ ਮਾਰਗ ਦਾ ਰਾਹ ਚੰਗੀ ਤਰ੍ਹਾਂ ਸਥਾਪਿਤ ਹੋ ਸਕੇ, ਉਹ ਭਾਵ ਸਮਾਧੀ ਹੈ । ਇਸ ਅਧਿਐਨ ਦਾ ਨਾਂ ਭਾਵ ਸਮਾਧੀ ਹੈ । ਭਾਵ ਸਮਾਧੀ ਹੀ ਆਤਮ ਪ੍ਰਸੰਨਤਾ ਨੂੰ ਆਖਦੇ ਹਨ । ਜਿਨ੍ਹਾਂ ਗੁਣਾਂ ਨਾਲ ਆਤਮਾ ਨੂੰ ਪ੍ਰਸੰਨਤਾ ਮਿਲੇ, ਉਹ ਭਾਵ ਸਮਾਧੀ ਹੈ ।

ਦਸ਼ਵੈਕਾਲਿਕ ਸੂਤਰ (9 ਉਦੇਸਕ) ਵਿਚ ਸਮਾਧੀ ਚਾਰ ਪ੍ਰਕਾਰ ਦੀ ਦਸੀ ਗਈ ਹੈ । 1) ਵਿਨੈ 2) ਸਰੁਤ 3) ਤਪ 4) ਆਚਾਰ । ਅਗੇ ਚਾਰਾਂ ਸਮਾਧੀਆਂ ਦੇ ਚਾਰ ਚਾਰ ਭੇਦ ਹਨ । ਦਸ਼ਾਰੁਤ ਸਕੰਧ ਵਿਚ 20 ਅਸਮਾਧੀ ਦੇ ਕਾਰਣ ਦਸੇ ਗਏ ਹਨ ।

ਸਮਿਅਕ ਗਿਆਨ, ਸਮਿਅਕ ਦਰਸ਼ਨ, ਸਮਿਅਕ ਚਾਰਿਤਰ ਦੀ ਆਰਾਧਨਾ ਹੀ ਭਾਵ ਸਮਾਧੀ ਹੈ ।

ਸੋ ਬਾਹਰਲੇ ਪਦਾਰਥਾਂ ਦੀ ਮਮਤਾ ਤੋਂ ਮਨ ਤੇ ਸ਼ਰੀਰ ਨੂੰ ਹਟਾ ਕੇ ਆਤਮਾ ਵਿਚ ਸਥਿਤ ਕਰਨਾ ਚਾਹੀਦਾ ਹੈ ਤਾਂ ਕਿ ਭਾਵ ਸਮਾਧੀ ਪ੍ਰਾਪਤ ਹੋ ਸਕੇ ।